## ਪੱਖਪਾਤ ਕਨੂੰਨ ਸਮੀਖਿਆ – ਸਰਕਾਰੀ ਐਗਜੀਕਿਊਟਿਵ ਸਾਰ ਦੀਆਂ ਬੇਨਤੀਆਂ

1. ਸਮਾਨ ਮੌਕੇ ਕਮਿਸ਼ਨ (Equal Opportunities Commission) (EOC) ਹਾਂਗ ਕਾਂਗ ਦੀ ਸੁਤੰਤਰ ਕਨੂੰਨੀ ਸੰਸਥਾ ਹੈ, ਜਿਸਦੀ ਜ਼ਿੰਮੇਵਾਰੀ ਸਮਾਨਤਾ ਦਾ ਪ੍ਰਸਾਰ ਕਰਨ ਅਤੇ ਪੱਖਪਾਤ ਨੂੰ ਖ਼ਤਮ ਕਰਨਾ ਹੈ। ਇਸਦੀਆਂ ਮੁੱਖ ਡਿਊਟੀਆਂ ਵਿੱਚੋਂ ਇੱਕ ਇਹਨਾਂ ਮੌਜੂਦਾ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਦੇ ਕੰਮ ਨੂੰ ਸਮੀਖਿਆ ਦੇ ਅਧੀਨ ਰੱਖਣਾ ਹੈ: ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ (Sex Discrimination Ordinance) (SDO); ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ (Disability Discrimination Ordinance) (DDO); ਪਰਿਵਾਰਕ ਸਥਿਤੀ ਸੰਬੰਧੀ ਪੱਖਪਾਤ ਅਧਿਆਦੇਸ਼ (Family Status Discrimination Ordinance) (FSDO); ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ (Race Discrimination Ordinance) (RDO)। ਜਿੱਥੇ EOC ਦੇ ਮੁਤਾਬਕ ਢੁਕਵਾਂ ਹੋਵੇ, ਇਹ ਸਮਾਨਤਾ ਦਾ ਬਿਹਤਰ ਪ੍ਰਸਾਰ ਕਰਨ ਅਤੇ ਪੱਖਪਾਤ ਨੂੰ ਖ਼ਤਮ ਕਰਨ ਲਈ ਅਧਿਆਦੇਸ਼ਾਂ ਵਿੱਚ ਸੋਧਾਂ ਦੀ ਸਿਫ਼ਾਰਿਸ਼ ਕਰਦੇ ਹੋਏ ਹਾਂਗ ਕਾਂਗ SAR ਦੇ ਮੁੱਖ ਐਗਜੀਕਿਊਟਿਵ ਨੂੰ ਬੇਨਤੀਆਂ ਕਰ ਸਕਦਾ ਹੈ।

2. EOC ਦਾ ਮੰਨਣਾ ਹੈ ਕਿ ਹਾਂਗ ਕਾਂਗ ਦੇ ਪੱਖਪਾਤ-ਵਿਰੋਧੀ ਵਿਧਾਨ ਵਿੱਚ 21ਵੀਂ ਸਦੀ ਦੀਆਂ ਲੋੜਾਂ ਪੂਰਾ ਹੋਣਾ ਲਾਜ਼ਮੀ ਹੈ, ਜਿਹਨਾਂ ਵਿੱਚ ਸਮਾਨਤਾ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਨਤੀਜੇ ਵਜੋਂ EOC ਨੇ ਪੂਰੇ ਮੌਜੂਦ ਪੱਖਪਾਤ-ਵਿਰੋਧੀ ਵਿਧਾਨ ਦੀ ਸਮੀਖਿਆ ਕਰਨ ਲਈ ਮਾਰਚ 2013 ਵਿੱਚ ਪੱਖਪਾਤ ਕਨੂੰਨ ਸਮੀਖਿਆ (DLR) ਸ਼ੁਰੂ ਕੀਤੀ ਅਤੇ ਇਹ ਸਰਕਾਰ ਨੂੰ ਉਹਨਾਂ ਨੂੰ ਆਧੁਨਿਕ ਬਣਾਉਣ ਦੀਆਂ ਸਿਫ਼ਾਰਿਸ਼ਾਂ ਕਰਦਾ ਹੈ।

3. DLR ਦੇ ਹਿੱਸੇ ਦੇ ਤੌਰ ਤੇ, EOC ਨੇ ਸ਼ਹਿਰ-ਮੁਤਾਬਕ ਰਾਇ ਪ੍ਰਯੋਗ ਕੀਤਾ, ਜੋ 8 ਜੁਲਾਈ 2014 ਤੋਂ 31 ਅਕਤੂਬਰ 2014 ਤੱਕ ਹੋਇਆ। EOC ਨੂੰ ਕਈ ਭਿੰਨ ਸਮੂਹਾਂ ਅਤੇ ਰੁਚੀਆਂ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਤੋਂ ਬਹੁਤ ਵੱਡੀ ਸੰਖਿਆ ਵਿੱਚ 125,041 ਲਿਖਤ ਜਵਾਬ ਪ੍ਰਾਪਤ ਹੋਏ। ਇਹ ਰਾਇ ਦਸਤਾਵੇਜ਼ ਵਿੱਚ ਸਵਾਲਾਂ ਰਾਹੀਂ ਪ੍ਰਗਟ ਕੀਤੀਆਂ ਗਈਆਂ ਸਾਰੀਆਂ ਸਮੱਸਿਆਵਾਂ ਤੇ ਸਰਕਾਰ ਨੂੰ EOC ਦੀਆਂ ਬੇਨਤੀਆਂ ਦਾ ਐਗਜੀਕਿਊਟਿਵ ਸਾਰ ਹੈ। EOC ਦਾ ਮੰਨਣਾ ਹੈ ਕਿ ਕੁਝ ਅਜਿਹੇ ਖੇਤਰ ਹਨ, ਜਿੱਥੇ ਪੱਖਪਾਤ ਤੋਂ ਹਰੇਕ ਦੀ ਰੱਖਿਆ ਨੂੰ ਬਿਹਤਰ ਬਣਾਉਣ ਲਈ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਨੂੰ ਆਧੁਨਿਕ ਬਣਾਇਆ ਜਾਣਾ ਚਾਹੀਦਾ ਹੈ।

4. ਪੂਰੀਆਂ ਬੇਨਤੀਆਂ ਦੇ ਨਾਲ-ਨਾਲ ਜਨਤਕ ਰਾਇ ਦੇ ਜਵਾਬਾਂ ਤੇ ਰਿਪੋਰਟ ਲਈ (ਜੋ ਰਾਇ ਜਵਾਬਾਂ ਤੇ ਵੱਧ ਪਰਿਮਾਣਾਤਮਕ ਅਤੇ ਗੁਣਾਤਮਕ ਵੇਰਵੇ ਮਹੱਈਆ ਕਰਦੀ ਹੈ), ਕਿਰਪਾ ਕਰਕੇ www.eocdlr.org.hk ਤੇ ਜਾਓ

## ਅਧਿਆਇ 1: ਜਨਤਕ ਰਾਇ ਦੇ ਜਵਾਬਾਂ ਦਾ ਵਿਸ਼ਲੇਸ਼ਣ

1.1 ਵੱਡੀ ਸੰਖਿਆ ਵਿੱਚ ਜਵਾਬਾਂ ਅਤੇ ਉਸਤੋਂ ਬਾਅਦ ਜਨਤਕ ਰਾਇ ਤੇ ਲੋਕਾਂ ਦੇ ਧਿਆਨ ਨੂੰ ਦੇਖਦੇ ਹੋਏ, EOC ਦਾ ਮੰਨਣਾ ਹੈ ਕਿ ਇਹ ਕਰਨ ਲਈ, ਪ੍ਰਾਪਤ ਕੀਤੇ ਜਵਾਬਾਂ ਦਾ ਪੂਰੀ ਤਰ੍ਹਾਂ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ:

- ਰੁਝਾਨਾਂ ਦੀ ਪਛਾਣ ਕਰਨ ਲਈ ਅਤੇ ਇਹ ਪੜਚੋਲ ਕਰਨ ਲਈ ਕਿ ਕਿਹੜੇ ਨਤੀਜੇ ਕੱਢੇ ਜਾ ਸਕਦੇ ਹਨ;
- ਇਹ ਜਾਂਚ ਕਰਨ ਲਈ ਕਿ ਉਹ ਨਤੀਜੇ EOC ਦੀ ਪੋਜੀਸ਼ਨ ਅਤੇ ਸਮੱਸਿਆਵਾਂ ਦੀ ਤਰਜੀਹ ਨਾਲ ਸਬੰਧਿਤ ਹੋ ਸਕਦੇ ਹਨ ਜਾਂ ਨਹੀਂ ਅਤੇ ਕਿਵੇਂ; ਅਤੇ
- ਇਹਨਾਂ ਸਮੱਸਿਆਵਾਂ ਤੇ ਜਨਤਾ ਦੀ ਸਮਝ ਨੂੰ ਬਿਹਤਰ ਬਣਾਉਣ ਤੇ ਭਵਿੱਖੀ ਕੰਮ ਨੂੰ ਸੁਖਾਲਾ ਕਰਨ ਲਈ।

### *ਭਾਗ I: ਸੰਸਥਾਵਾਂ ਅਤੇ ਵਿਅਕਤੀਆਂ ਤੋਂ ਪ੍ਰਾਪਤ ਜਵਾਬਾਂ ਦਾ ਪ੍ਰਕਾਰ*

1.2 ਜਵਾਬਾਂ ਵਿੱਚ ਕਾਫੀ ਭਿੰਨਤਾ ਸੀ, ਭਿੰਨ ਪ੍ਰਕਾਰ ਦੀਆਂ ਸੰਸਥਾਵਾਂ ਦੇ ਨਾਲ-ਨਾਲ ਸੰਸਥਾਵਾਂ ਅਤੇ ਵਿਅਕਤੀਆਂ ਵਿਚਕਾਰ। ਇਹਨਾਂ ਮੁੱਖ ਸ਼ੈਲੀਆਂ ਅਤੇ ਰੁਝਾਨਾਂ ਦੀ ਪਛਾਣ ਕੀਤੀ ਗਈ ਸੀ।

- ਉਹਨਾਂ ਸੰਸਥਾਵਾਂ ਦਾ ਅਨੁਪਾਤ, ਜੋ ਪ੍ਰਸਤਾਵਾਂ ਦਾ ਸਮਰਥਨ ਕਰਦੇ ਸਨ, ਵਿਅਕਤੀਆਂ ਤੋਂ ਕਾਫੀ ਵੱਧ ਸੀ ਅਤੇ ਉਹਨਾਂ ਦੀ ਆਪਣੀਆਂ ਪੋਜੀਸ਼ਨਾਂ ਦਾ ਵਿਸਤ੍ਰਿਤ ਤਰਕ ਮੁਹੱਈਆ ਕਰਨ ਦੀ ਵੱਧ ਸੰਭਾਵਨਾ ਹੈ। 77 ਸਵਾਲਾਂ ਵਿੱਚੋਂ 57 ਸਵਾਲਾਂ ਲਈ, ਸੰਸਥਾਵਾਂ ਤੋਂ ਪ੍ਰਾਪਤ ਜਵਾਬਾਂ ਵਿੱਚ ਪ੍ਰਸਤਾਵਾਂ ਦਾ ਸਮਰਥਨ ਕਰਨ ਵਾਲੇ ਜਵਾਬਾਂ ਦਾ ਪ੍ਰਤੀਸ਼ਤ ਵੱਧ ਹੈ**।** ਇਸਤੋਂ ਉਲਟ, 77 ਸਵਾਲਾਂ ਵਿੱਚੋਂ 66 ਲਈ, ਉਹਨਾਂ ਵਿਅਕਤੀਆਂ ਦਾ ਪ੍ਰਤੀਸ਼ਤ ਵੱਧ ਹੈ, ਜਿਹਨਾਂ ਨੇ ਪ੍ਰਸਤਾਵਾਂ ਦਾ ਵਿਰੋਧ ਕੀਤਾ।
- ਸਧਾਰਨ ਤੌਰ ਤੇ ਔਰਤਾਂ, ਜਾਤੀ ਸੰਬੰਧੀ ਅਲਪ ਸੰਖਿਅਕ ਵਰਗਾਂ, ਅਪੰਗ ਲੋਕਾਂ ਜਾਂ ਮਨੁੱਖੀ ਹੱਕਾਂ ਤੇ ਕੰਮ ਕਰਨ ਵਾਲੇ NGO ਨੇ ਪ੍ਰਸਤਾਵਾਂ ਦਾ ਵੱਧ ਸਮਰਥਨ ਕੀਤਾ। ਇਸਦੇ ਉਲਟ, ਧਾਰਮਿਕ ਅਤੇ ਪਰਿਵਾਰਕ ਸਮੂਹਾਂ, ਮੁੱਖ ਤੌਰ ਤੇ ਪ੍ਰਾਈਮਰੀ ਅਤੇ ਸੈਕੰਡਰੀ ਧਾਰਮਿਕ ਵਿਦਿਅਕ ਸੰਸਥਾਵਾਂ ਅਤੇ ਮਾਲਕ ਸਮੂਹਾਂ ਦੀ ਪ੍ਰਸਤਾਵਾਂ ਨਾਲ ਅਸਹਿਮਤ ਹੋਣ ਦੀ ਵੱਧ ਸੰਭਾਵਨਾ ਸੀ।
- ਵਿਅਕਤੀਆਂ ਤੋਂ ਪ੍ਰਾਪਤ ਜ਼ਿਆਦਾਤਰ ਜਵਾਬਾਂ ਵਿੱਚ ਕਈ ਸਵਾਲਾਂ ਦਾ ਜਵਾਬ ਦੇਣ ਲਈ ਪਰਫਾਰਮਾ ਜਵਾਬ ਦੇ ਰੂਪ-ਭੇਦਾਂ ਦੀ ਵਰਤੋਂ ਕੀਤੀ ਗਈ ਸੀ। ਵੱਡੀ ਸੰਖਿਆ ਵਿੱਚ ਵਿਅਕਤੀਆਂ ਨੇ ਆਪਣੇ ਜਵਾਬਾਂ ਵਿੱਚ ਆਪਣੇ ਵਿਚਾਰਾਂ ਲਈ ਕੋਈ ਤਰਕ ਮੁਹੱਈਆ ਨਹੀਂ ਕੀਤਾ, ਜਿਸਦਾ ਭਾਵ ਹੈ ਕਿ EOC ਇਹ ਵਿਸ਼ਲੇਸ਼ਣ ਨਹੀਂ ਕਰ ਸਕਿਆ ਕਿ ਉਹ ਜਵਾਬ ਢੁਕਵੀਆਂ ਚਿੰਤਾਵਾਂ ਜਾਂ ਹੋਰ ਸਬੰਧਿਤ ਜਾਣਕਾਰੀ ਪ੍ਰਗਟ ਕਰਦੇ ਹਨ ਜਾਂ ਨਹੀਂ।
- ਕਾਫੀ ਵੱਡੀ ਸੰਖਿਆ ਵਿੱਚ ਵਿਅਕਤੀਆਂ ਨੇ ਆਪਣੇ ਜਵਾਬਾਂ ਵਿੱਚ ਮੁੱਖ ਤੌਰ ਤੇ ਦੋ ਸਮੱਸਿਆਵਾਂ ਬਾਰੇ ਚਿੰਤਾ ਪ੍ਰਗਟ ਕੀਤੀ: ਰਾਸ਼ਟਰੀਅਤਾ, ਨਾਗਰਿਕਤਾ ਅਤੇ ਨਿਵਾਸ ਸਥਿਤੀ ਦੇ ਆਧਾਰ ਤੇ ਪੱਖਪਾਤ ਤੋਂ ਰੱਖਿਆ; ਅਤੇ ਪਤੀ-ਪਤਨੀ ਵਾਂਗ ਰਹਿਣ/ਯਥਾਰਥ ਵਿੱਚ (ਭਾਵੇਂ ਕਨੂੰਨੀ ਹੋਵੇ ਜਾਂ ਨਹੀਂ) ਸੰਬੰਧਾਂ ਵਿੱਚ ਰਹਿਣ ਵਾਲੇ ਵਿਅਕਤੀਆਂ ਲਈ ਪੱਖਪਾਤ ਤੋਂ ਰੱਖਿਆ।

1.3 ਉਪਰੋਕਤ ਰੁਝਾਨਾਂ ਵਿੱਚ ਉਸ ਲੋੜ ਦੀ ਮਾਤਰਾ ਦੀਆਂ ਉਲਝਣਾਂ ਹਨ, ਜਿਸ ਬਾਰੇ EOC ਨੇ ਸਮੱਸਿਆਵਾਂ ਤੇ ਆਪਣਾ ਰਵੱਈਆ ਨਿਰਧਾਰਿਤ ਕਰਨ ਵਿੱਚ ਜਨਤਕ ਰਾਇ ਲਈ ਜਵਾਬਾਂ ਦੀ ਮੰਗ ਕੀਤੀ ਹੈ। EOC ਇਸਤੇ ਜ਼ੋਰ ਦਿੰਦਾ ਹੈ ਕਿ

ਜਨਤਕ ਰਾਇ ਦਾ ਉਦੇਸ਼ ਪ੍ਰਮਾਣ, ਅਨੁਭਵ ਅਤੇ ਤਰਕ ਪ੍ਰਾਪਤ ਕਰਨਾ ਸੀ, ਜੋ ਇਹ ਨਿਰਧਾਰਿਤ ਕਰਨ ਵਿੱਚ ਸਹਾਇਤਾ ਕਰੇਗਾ ਕਿ ਸੁਧਾਰ ਦਾ ਸਮਰਥਨ ਹੈ ਜਾਂ ਨਹੀਂ। ਇਹ ਪ੍ਰਸਤਾਵਾਂ ਦੇ ਜਨਤਕ ਰਾਇ ਸਰਵੇਖਣ ਦੇ ਤੌਰ ਤੇ ਕੰਮ ਕਰਨ ਦੇ ਉਦੇਸ਼ ਨਾਲ ਨਹੀਂ ਕੀਤਾ ਗਿਆ ਸੀ। EOC ਇਹ ਵੀ ਮੰਨਦਾ ਹੈ ਕਿ, ਖ਼ਾਸ ਕਰਕੇ ਹੱਕਾਂ ਤੋਂ ਵਾਂਝੇ ਅਲਪ ਸੰਖਿਅਕ ਸਮੂਹਾਂ ਦੀ ਰੱਖਿਆ ਦੇ ਸੰਬੰਧ ਵਿੱਚ, ਜ਼ਰੂਰੀ ਨਹੀਂ ਕਿ ਵੱਧ ਸੰਖਿਆ ਵਾਲੇ ਵਰਗਾਂ ਦੇ ਵਿਚਾਰ ਨਿਰਣਾਇਕ ਹੋਣ। ਜਵਾਬਾਂ ਦਾ ਵਿਸ਼ਲੇਸ਼ਣ ਕਰਨ ਵਿੱਚ, EOC ਅੱਗੇ ਵਿਚਾਰ ਕਰਦਾ ਹੈ ਕਿ ਪ੍ਰਗਟ ਕੀਤੀਆਂ ਗਈਆਂ ਕੁਝ ਸਮੱਸਿਆਵਾਂ EOC ਦੇ ਪ੍ਰਸਤਾਵਾਂ ਜਾਂ ਉਹਨਾਂ ਦੇ ਸੰਭਾਵਿਤ ਕਨੂੰਨੀ ਪ੍ਰਭਾਵਾਂ ਦੀ ਗਲਤ ਵਿਆਖਿਆ ਦੇ ਨਤੀਜੇ ਵਜੋਂ ਹੋ ਸਕਦੀਆਂ ਹਨ। ਇਸਲਈ, EOC ਦਾ ਮੰਨਣਾ ਹੈ ਕਿ ਪ੍ਰਸਤਾਵਾਂ ਦਾ ਸਮਰਥਨ ਜਾਂ ਵਿਰੋਧ ਕਰਨ ਵਾਲੀਆਂ ਸੰਸਥਾਵਾਂ ਜਾਂ ਵਿਅਕਤੀਆਂ ਦੀ ਸੰਖਿਆ ਤੇ ਭਰੋਸਾ ਕਰਨ ਵਿੱਚ ਸਾਵਧਾਨੀ ਵਰਤਣੀ ਚਾਹੀਦੀ ਹੈ। ਇਸਤੋਂ ਇਲਾਵਾ, ਆਪਣੀਆਂ ਪੋਜੀਸ਼ਨਾਂ ਸਥਾਪਤ  ਕਰਨ ਵਿੱਚ, EOC  ਨੇ ਹੋਰਾਂ ਸਬੰਧਿਤ ਕਾਰਕਾਂ ਤੇ ਵੀ ਧਿਆਨ ਦਿੱਤਾ, ਜੋ ਅਧਿਆਇ 2 ਵਿੱਚ ਦਿੱਤੇ ਗਏ ਹਨ।

### *ਭਾਗ II: ਹੋਰ ਖੋਜ, ਰਾਇ ਅਤੇ ਜਾਣਕਾਰੀ ਦੀ ਲੋੜ*

1.4 ਕੁਝ ਸਮੱਸਿਆਵਾਂ ਦੇ ਸੰਬੰਧ ਵਿੱਚ, ਖ਼ਾਸ ਕਰਕੇ ਜਿੱਥੇ ਉਹ ਗੁੰਝਲਦਾਰ ਹਨ, ਉਹ ਭਿੰਨ ਖੇਤਰਾਂ ਅਤੇ ਨੀਤੀ ਸੰਬੰਧੀ ਭਾਗਾਂ ਵਿੱਚ ਵਿਧਾਨ ਤੇ ਰੋਸ਼ਨੀ ਪਾਉਂਦੀਆਂ ਹਨ ਅਤੇ ਭਿੰਨ ਵਿਚਾਰਾਂ ਨਾਲ ਵਿਆਪਕ ਬਹਿਸ ਸ਼ੁਰੂ ਕੀਤੀ ਹੈ, EOC ਦਾ ਮੰਨਣਾ ਹੈ ਕਿ ਵਿਧਾਨ ਸੁਧਾਰਾਂ ਨੂੰ ਅਮਲ ਵਿੱਚ ਲਿਆਉਣ ਤੋਂ ਪਹਿਲਾਂ ਸਰਕਾਰ ਦੁਆਰਾ ਵੱਖ ਅਤੇ ਵੱਧ ਵਿਸਤ੍ਰਿਤ ਰਾਏ ਲੈਣਾ ਉਚਿਤ ਹੋ ਸਕਦਾ ਹੈ। ਇਸ ਨਾਲ ਮੁੱਖ ਹਿੱਸੇਦਾਰਾਂ ਨੂੰ ਸੁਧਾਰਾਂ ਦੇ ਸੰਭਾਵਿਤ ਅਮਲ ਤੇ ਚਰਚਾ ਕਰਨ ਦਾ ਵੱਧ ਮੌਕਾ ਮਿਲਣ ਦੇ ਨਾਲ-ਨਾਲ EOC ਨੂੰ ਸਮੱਸਿਆਵਾਂ ਤੇ ਜਨਤਾ ਨੂੰ ਵੱਧ ਸਮਝਣ ਦਾ ਮੌਕਾ ਮਿਲੇਗਾ।

### *ਭਾਗ III: ਰਾਇ ਪ੍ਰਕਿਰਿਆ ਵਿੱਚ ਪ੍ਰਗਟ ਕੀਤੀਆਂ ਗਈਆਂ ਹੋਰ ਸਮੱਸਿਆਵਾਂ*

1.5 ਰਾਇ ਜਵਾਬਾਂ ਵਿੱਚ, ਕਈ ਸੰਸਥਾਵਾਂ ਅਤੇ ਵਿਅਕਤੀਆਂ ਨੇ ਹਾਂਗ ਕਾਂਗ ਵਿੱਚ ਪੱਖਪਾਤ-ਵਿਰੋਧੀ ਵਿਧਾਨ ਵਿੱਚ ਰੱਖਿਆ ਸੰਬੰਧੀ ਕਈ ਨਵੀਆਂ ਵਿਸ਼ੇਸ਼ਤਾਵਾਂ ਸ਼ਾਮਲ ਕਰਨ ਦੀ ਮੰਗ ਕੀਤੀ, ਜਿਹਨਾਂ ਵਿੱਚ ਸ਼ਾਮਲ ਹਨ, ਉਮਰ, ਯੌਨ ਨਿਰਧਾਰਨ, ਲਿੰਗ ਪਛਾਣ, ਇੰਟਰਸੈਕਸ ਸਥਿਤੀ, ਧਰਮ ਜਾਂ ਸ਼ਰਧਾ ਅਤੇ ਭਾਸ਼ਾ। ਪੱਖਪਾਤ ਕਨੂੰਨ ਸਮੀਖਿਆ ਵਿੱਚ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ, ਨਵੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਸੰਬੰਧ ਵਿੱਚ ਵਿਆਪਕ ਪੱਖਪਾਤ-ਵਿਰੋਧੀ ਵਿਧਾਨ ਨੂੰ ਵਿਕਸਿਤ ਕਰਨ ਤੇ ਨਹੀਂ। ਫਿਰ ਵੀ, EOC ਮੰਨਦਾ ਹੈ ਕਿ ਕਮਿਸ਼ਨ ਲਈ ਇਸ ਗੱਲ ਤੇ ਵਿਚਾਰ ਕਰਨਾ ਲਾਜ਼ਮੀ ਹੈ ਕਿ ਮੌਜੂਦਾ ਸੁਰੱਖਿਅਤ ਵਿਸ਼ੇਸ਼ਤਾਵਾਂ ਦਾ ਕਿਸੇ ਵੀ ਤਰੀਕੇ ਨਾਲ ਵਿਸਤਾਰ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਇਸੇ ਲਈ, EOC ਨੇ ਹੁਣੇ ਜਿਹੇ ਹੀ ਉਮਰ ਦੇ ਆਧਾਰਾਂ ਦੇ ਨਾਲ-ਨਾਲ ਯੌਨ ਨਿਰਧਾਰਨ, ਲਿੰਗ ਪਛਾਣ ਅਤੇ ਇੰਟਰਸੈਕਸ ਸਥਿਤੀ ਦੇ ਆਧਾਰਾਂ ਤੇ ਪੱਖਪਾਤ ਸੰਬੰਧੀ ਦੋ ਖੋਜ ਅਧਿਐਨ ਕੀਤੇ ਹਨ। EOC ਪੱਖਪਾਤ ਦੀਆਂ ਉਪਰੋਕਤ ਸਮੱਸਿਆਵਾਂ ਨੂੰ ਅੱਗੇ ਲਿਜਾਣ ਅਤੇ ਸੰਭਾਵਿਤ ਵਿਧਾਨ ਸੁਧਾਰ ਦੇ ਨਾਲ-ਨਾਲ, ਹੋਰਾਂ ਖੇਤਰਾਂ ਵਿੱਚ ਵਿਧਾਨ ਦੀ ਲੋੜ ਤੇ ਵਿਚਾਰ ਕਰਨ ਬਾਰੇ ਸਰਕਾਰ ਨਾਲ ਚਰਚਾ ਜਾਰੀ ਰੱਖੇਗਾ।

## ਅਧਿਆਇ 2: ਬੇਨਤੀਆਂ ਕਰਨ ਵਿੱਚ ਮਹੱਤਵਪੂਰਣ ਕਾਰਕ

2.1 ਪੱਖਪਾਤ ਕਨੂੰਨ ਸਮੀਖਿਆ ਪ੍ਰਕਿਰਿਆ ਵਿੱਚ, EOC ਨੇ ਇਹ ਨਿਰਧਾਰਿਤ ਕਰਨ ਵਿੱਚ ਕਈ ਕਾਰਕਾਂ ਤੇ ਧਿਆਨ ਦਿੱਤਾ ਕਿ ਕਿਹੜੀਆਂ ਸਮੱਸਿਆਵਾਂ ਵਿਧਾਨ ਜਾਂ ਸਬੰਧਿਤ ਸੁਧਾਰਾਂ ਦੇ ਅਧੀਨ ਹੋਣੀਆਂ ਚਾਹੀਦੀਆਂ ਹਨ ਅਤੇ ਜੇਕਰ ਅਜਿਹਾ ਹੈ ਤਾਂ ਕਿਹੜੀਆਂ ਹੋਰਾਂ ਤੋਂ ਵੱਧ ਪ੍ਰਥਮਤਾ ਵਾਲੀਆਂ ਹਨ। ਇਹਨਾਂ ਵਿੱਚ ਸ਼ਾਮਲ ਹਨ:

- EOC ਦੀ ਭੂਮਿਕਾ ਅਤੇ ਸੰਚਾਲਨ ਸੰਬੰਧੀ ਅਨੁਭਵ
- ਪੱਖਪਾਤ ਜਾਂ ਹੋਰ ਮਨੁੱਖੀ ਹੱਕਾਂ ਦੇ ਪ੍ਰਭਾਵਿਤ ਹੋਣ ਦਾ ਪ੍ਰਮਾਣ
- ਪ੍ਰਭਾਵਿਤ ਲੋਕਾਂ ਦੀ ਸੰਖਿਆ ਜਾਂ ਪੱਖਪਾਤ ਦੀ ਗੰਭੀਰਤਾ
- ਪੱਖਪਾਤ ਤੋਂ ਮੌਜੂਦਾ ਰੱਖਿਆ ਦੀ ਸੀਮਾ
- ਸੁਧਾਰ ਪੱਖਪਾਤ ਤੋਂ ਰੱਖਿਆ ਦੇ ਪੱਧਰਾਂ ਨੂੰ ਘੱਟ ਕਰ ਸਕਦਾ ਹੈ
- ਮੌਜੂਦਾ ਵਿਧਾਨ ਹਾਂਗ ਕਾਂਗ ਜਾਂ ਅੰਤਰਰਾਸ਼ਟਰੀ ਮਨੁੱਖੀ ਹੱਕਾਂ ਦੀਆਂ ਬੰਦਸ਼ਾਂ ਦੀ ਪਾਲਣਾ ਨਹੀਂ ਕਰਦਾ
- ਅੰਤਰਰਾਸ਼ਟਰੀ ਮਨੁੱਖੀ ਹੱਕ ਸੰਸਥਾਵਾਂ ਵੱਲੋਂ ਸਿਫ਼ਾਰਿਸ਼ਾਂ
- ਇੱਕੋ ਜਿਹੇ ਅੰਤਰਰਾਸ਼ਟਰੀ ਨਿਆਂ ਅਧਿਕਾਰਾਂ ਵਿੱਚ ਪੱਖਪਾਤ-ਵਿਰੋਧੀ ਵਿਧਾਨ
- ਪ੍ਰਸਤਾਵ ਸੰਸਥਾਤਮਕ ਅਸਮਾਨਤਾ ਦਾ ਪਤਾ ਲਗਾਏਗਾ
- ਸੰਸਥਾਵਾਂ ਜਾਂ ਵਿਅਕਤੀਆਂ ਵੱਲੋਂ ਪ੍ਰਸਤਾਵਾਂ ਦੇ ਸਮਰਥਨ ਜਾਂ ਵਿਰੋਧ ਦਾ ਦਰਜਾ
- ਸੁਧਾਨ ਕਨੂੰਨ ਨੂੰ ਵੱਧ ਸਪਸ਼ਟ ਕਰੇਗਾ
- ਸੁਧਾਰ ਵਿਧਾਨ ਨੂੰ ਸਰਲ ਬਣਾਏਗਾ
- ਸੁਧਾਰ ਰੱਖਿਆ ਵਿੱਚ ਇਕਸਾਰਤਾ ਲਿਆਏਗਾ
- ਸੁਧਾਰ EOC ਦੀ ਪ੍ਰਭਾਵਕਤਾ ਨੂੰ ਬਿਹਤਰ ਬਣਾਏਗਾ
- ਸਰਕਾਰ ਨੇ ਪਹਿਲਾਂ ਪ੍ਰਸਤਾਵ ਲਈ ਸਹਿਮਤੀ ਦਿੱਤੀ ਸੀ
- ਸਰਕਾਰ ਨੇ ਵਿਧਾਨ ਲਾਗੂ ਕੀਤਾ ਹੈ
- ਛੋਟ ਵਿਧਾਨ ਦੇ ਉਦੇਸ਼ ਨੂੰ ਪੂਰਾ ਨਹੀਂ ਕਰ ਸਕਦੀ ਜਾਂ ਸੰਤੁਲਿਤ ਨਹੀਂ ਹੋ ਸਕਦੀ

## ਅਧਿਆਇ 3: ਵੱਧ ਪ੍ਰਥਮਤਾ ਵਾਲੀਆਂ ਸਮੱਸਿਆਵਾਂ

3.1 ਅਧਿਆਇ 3 ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ, ਇਸ ਵਿੱਚ ਵਿਧਾਨ ਸੁਧਾਰਾਂ ਜਾਂ ਹੋਰ ਕਾਰਵਾਈਆਂ ਲਈ ਕਈ ਵੱਧ ਪ੍ਰਥਮਤਾ ਵਾਲੇ ਖੇਤਰਾਂ ਤੇ ਚਰਚਾ ਕੀਤੀ ਗਈ ਹੈ, ਜੋ EOC ਵੱਲੋਂ ਕੀਤੇ ਮੁੱਖ ਕਾਰਕਾਂ ਦੇ ਵਿਸ਼ਲੇਸ਼ਣ ਤੇ ਆਧਾਰਿਤ ਵੱਧ ਗੰਭੀਰ ਅਤੇ ਮਹੱਤਵਪੂਰਣ ਚਿੰਤਾਵਾਂ ਪ੍ਰਗਟ ਕਰਦੇ ਹਨ। ਭਾਗ I ਵਿੱਚ ਜਿਹਨਾਂ ਸਮੱਸਿਆਵਾਂ ਤੇ ਚਰਚਾ ਕੀਤੀ ਗਈ ਹੈ, EOC ਪ੍ਰਸਤਾਵਿਤ ਸੋਧਾਂ ਨੂੰ ਸਧਾਰਨ ਤੌਰ ਤੇ ਅਮਲ ਵਿੱਚ ਲਿਆਉਣ ਲਈ ਵੱਧ ਆਸਾਨ ਅਤੇ ਇਸਤੇਮਾਲ ਵਿੱਚ ਘੱਟ ਗੁੰਝਲਦਾਰ ਮੰਨਦਾ ਹੈ। ਭਾਗ II ਵਿੱਚ ਜਿਹਨਾਂ ਸਮੱਸਿਆਵਾਂ ਤੇ ਚਰਚਾ ਕੀਤੀ ਗਈ ਹੈ, ਇਹ ਦੇਖਦੇ ਹੋਏ ਕਿ EOC ਦੇ ਪ੍ਰਸਤਾਵਾਂ ਦਾ ਕਈ ਖੇਤਰਾਂ ਅਤੇ ਨੀਤੀ ਖੇਤਰਾਂ ਵਿੱਚ ਪ੍ਰਭਾਵ ਹੋਣ ਦੀ ਸੰਭਾਵਨਾ ਹੋਵੇਗੀ, EOC ਸਿਫ਼ਾਰਿਸ਼ ਕਰਦਾ ਹੈ ਕਿ ਕਿਸੇ ਵੀ ਵਿਧਾਨ ਸੁਧਾਰਾਂ ਤੋਂ ਪਹਿਲਾਂ ਸਰਕਾਰ ਵੱਲੋਂ ਹੋਰ ਰਾਇ ਲਈ ਜਾਏ ਅਤੇ ਖੋਜ ਕੀਤੀ ਜਾਏ। EOC ਦਾ ਮੰਨਣਾ ਹੈ ਕਿ ਭਾਗ I ਅਤੇ ਭਾਗ II ਵਿੱਚ ਦਿੱਤੀਆਂ ਗਈਆਂ ਸਮੱਸਿਆਵਾਂ ਦਾ ਸਮਾਨ ਮਹੱਤਵ ਹੈ ਅਤੇ ਸਰਕਾਰ ਨੂੰ ਤੁਰੰਤ ਇਹਨਾਂ ਤੇ ਧਿਆਨ ਦੇਣਾ ਚਾਹੀਦਾ ਹੈ।

### *ਭਾਗ I: ਵੱਧ ਪ੍ਰਥਮਤਾ ਦੇ ਤੌਰ ਤੇ ਲਾਗੂ ਕਰਨ ਲਈ ਖੇਤਰ*

#### A. ਅਪੰਗ ਵਿਅਕਤੀਆਂ ਲਈ ਸਮਾਨਤਾ

3.2 ਇਸਦਾ ਵਿਸਤ੍ਰਿਤ ਪ੍ਰਮਾਣ ਹੈ ਕਿ ਅਪੰਗ ਵਿਅਕਤੀਆਂ ਨੂੰ ਰੁਜ਼ਗਾਰ, ਸੇਵਾਵਾਂ ਦੇ ਪ੍ਰਬੰਧ, ਸਿੱਖਿਆ ਅਤੇ ਨਿਵਾਸ ਸਥਾਨ ਤੱਕ ਪਹੁੰਚ ਜਿਹੇ ਖੇਤਰਾਂ ਵਿੱਚ ਸਮਾਨ ਮੌਕਿਆਂ ਵਿੱਚ ਕਾਫੀ ਪੱਖਪਾਤ ਅਤੇ ਬੰਦਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਲਈ ਵਿਧਾਨ ਜਾਂ ਨੀਤੀ ਸੁਧਾਰ ਦੀ ਲੋੜ ਹੈ।

(i) ਉਚਿਤ ਸਮਾਯੋਜਨ ਕਰਨ ਦੀ ਡਿਊਟੀ

3.3 DDO ਦੇ ਅਧੀਨ, ਅਪੰਗ ਵਿਅਕਤੀਆਂ ਲਈ ਉਚਿਤ ਸਮਾਯੋਜਨ ਕਰਨ ਦੀ ਕੋਈ ਸਪਸ਼ਟ ਲੋੜ ਨਹੀਂ ਹੈ। ਇਹ ਅੰਤਰਰਾਸ਼ਟਰੀ ਮਨੁੱਖੀ ਹੱਕ ਬੰਦਸ਼ਾਂ ਦੇ ਅਨੁਕੂਲ ਨਹੀਂ ਹੈ ਅਤੇ ਹੋਰ ਸਮਾਨ ਨਿਆਂ ਅਧਿਕਾਰਾਂ ਵਿਚ ਆਧੁਨਿਕਤਾ ਦੇ ਰੁਝਾਨ ਦੇ ਉਲਟ ਹੈ। ਅਪੰਗ ਵਿਅਕਤੀਆਂ ਨਾਲ ਪੱਖਪਾਤ ਦਾ ਪੱਕਾ ਪ੍ਰਮਾਣ ਹੈ, EOC ਨੂੰ ਪ੍ਰਾਪਤ ਸ਼ਿਕਾਇਤਾਂ ਸਮੇਤ ਅਤੇ ਇਹ ਸਮੱਸਿਆ ਹਾਂਗ ਕਾਂਗ ਵਿੱਚ ਬਹੁਤ ਸਾਰੇ ਅਪੰਗ ਲੋਕਾਂ ਨੂੰ ਤੇ ਅਸਰ ਪਾਉਂਦੀ ਹੈ। ਰਾਇ ਜਵਾਬਾਂ ਵਿੱਚ ਪ੍ਰਸਤਾਵਾਂ ਦਾ ਜ਼ੋਰਦਾਰ ਸਮਰਥਨ ਵੀ ਸੀ, ਖ਼ਾਸ ਕਰਕੇ ਡਿਊਟੀ ਪੇਸ਼ ਕਰਨ ਲਈ, ਅਪੰਗ ਵਿਅਕਤੀਆਂ ਨਾਲ ਕੰਮ ਕਰਨ ਵਾਲੇ ਲੋਕਾਂ ਵੱਲੋਂ।

**ਸਿਫ਼ਾਰਿਸ਼ 1: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਉਹਨਾਂ ਸਾਰੇ ਸਬੰਧਿਤ ਖੇਤਰਾਂ, ਜਿਹਨਾਂ ਵਿੱਚ ਸ਼ਾਮਲ ਹਨ ਰੁਜ਼ਗਾਰ; ਵਸਤਾਂ, ਸੇਵਾਵਾਂ ਅਤੇ ਸਹੂਲਤਾਂ ਦਾ ਪ੍ਰਬੰਧ; ਅਤੇ ਨਿਵਾਸ ਸਥਾਨ, ਵਿੱਚ ਅਪੰਗ ਵਿਅਕਤੀਆਂ ਲਈ ਉਚਿਤ ਸਮਾਯੋਜਨ ਕਰਨ ਦੀ ਇੱਕ ਵੱਖ ਡਿਊਟੀ ਪੇਸ਼ ਕਰਕੇ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰੇ। ਅੱਗੇ ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਅਨੁਚਿਤ ਕਸ਼ਟ ਸ਼ਰਤਾਂ ਰੱਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ।**

(ii) ਇੱਕ ਸਹਾਇਕ ਜਾਨਵਰ ਵੱਲੋਂ ਅਪੰਗ ਵਿਅਕਤੀਆਂ ਦੇ ਪੱਖਪਾਤ ਤੋਂ ਉਚੇਚੀ ਰੱਖਿਆ

3.4 ਵਰਤਮਾਨ ਵਿੱਚ, ਇਸਦੀ ਕੋਈ ਉਚੇਚੀ ਸ਼ਰਤ ਨਹੀਂ ਹੈ ਕਿ ਕਿਸੇ ਸਹਾਇਕ ਜਾਨਵਰ ਦੇ ਨਾਲ ਹੋਣ ਤੇ ਕਿਸੇ ਵਿਅਕਤੀ ਦੇ ਵਿਰੁੱਧ ਪੱਖਪਾਤ ਅਪੰਗਤਾ ਸੰਬੰਧੀ ਪੱਖਪਾਤ ਹੈ। EOC ਦੇ ਸੰਚਾਲਨ ਸੰਬੰਧੀ ਅਨੁਭਵ ਦੇ ਆਧਾਰ ਤੇ, ਬਹੁਤ ਵੱਡੀ ਸੰਖਿਆ ਵਿੱਚ ਦ੍ਰਿਸ਼ਟੀ ਸੰਬੰਧੀ ਵਿਗਾੜ ਅਤੇ ਹੋਰ ਅਪੰਗਤਾ ਵਾਲੇ ਅਜਿਹੇ ਵਿਅਕਤੀ ਹਨ, ਜੋ ਸੰਭਾਵਿਤ ਰੂਪ ਨਾਲ ਪ੍ਰਭਾਵਿਤ ਹੁੰਦੇ ਹਨ ਅਤੇ ਹਾਂਗ ਕਾਂਗ ਵਿੱਚ ਗਾਈਡ ਕੁੱਤਿਆਂ ਅਤੇ ਹੋਰ ਸਹਾਇਕ ਜਾਨਵਰਾਂ ਦੀ ਵਰਤੋਂ ਵਧਾਉਣ ਦੀਆਂ ਯੋਜਨਾਵਾਂ ਹਨ। EOC ਉਸ ਪੱਖਪਾਤ ਦੇ ਪ੍ਰਮਾਣ ਤੇ ਵੀ ਧਿਆਨ ਦਿੰਦਾ ਹੈ, ਜੋ ਪ੍ਰਾਪਤ ਕੀਤੀਆਂ ਸ਼ਿਕਾਇਤਾਂ ਅਤੇ ਸੰਸਥਾਵਾਂ ਵੱਲੋਂ ਰਾਇ ਵਿੱਚ ਪ੍ਰਸਤਾਵ ਦੇ ਖ਼ਾਸ ਸਮਰਥਨ ਦੇ ਸੰਬੰਧ ਵਿੱਚ ਦੇਖੇ ਗਏ ਹਨ ।

**<u>ਸਿਫ਼ਾਰਿਸ਼ 2</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਪੱਖਪਾਤ ਤੋਂ ਰੱਖਿਆ ਦੀ ਸ਼੍ਰੇਣੀ ਦੇ ਤੌਰ ਤੇ ਇੱਕ ਸਹਾਇਕ ਜਾਨਵਰ ਦੇ ਨਾਲ ਹੋਣ ਵਾਲੇ ਪੱਖਪਾਤ ਨੂੰ ਸ਼ਾਮਲ ਕਰਕੇ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਸੈਕਸ਼ਨ 10 ਵਿੱਚ ਸੋਧ ਕਰੇ ਅਤੇ ਉਸ ਸਹਾਇਕ ਜਾਨਵਰ ਨੂੰ ਸਪਸ਼ਟ ਰੂਪ ਨਾਲ ਪਰਿਭਾਸ਼ਤ ਕੀਤਾ ਜਾਏ।**

(iii) <u>ਚੋਣਾਂ ਵਿੱਚ ਵੋਟ ਪਾਉਣ ਅਤੇ ਚੋਣਾਂ ਲੜਨ ਵਿੱਚ ਅਪੰਗ ਵਿਅਕਤੀਆਂ ਦੀ ਪੱਖਪਾਤ ਤੋਂ ਰੱਖਿਆ।</u>

3.5 ਵਰਤਮਾਨ ਵਿੱਚ ਚੋਣਾਂ ਵਿੱਚ ਵੋਟ ਪਾਉਣ ਲਈ ਜਨਤਕ ਅਥਾੱਰਿਟੀਜ, ਕਨੂੰਨੀ ਸਲਾਹਕਾਰ ਸੰਸਥਾਵਾਂ ਜਾਂ ਹੋਰ ਨਿਰਦਿਸ਼ਟ ਸੰਸਥਾਵਾਂ ਦੀਆਂ ਚੋਣਾਂ ਲੜਨ ਵਿੱਚ ਅਪੰਗ ਵਿਅਕਤੀਆਂ ਦੇ ਸੰਬੰਧ ਵਿੱਚ ਪੱਖਪਾਤ ਤੇ ਕੋਈ ਉਚੇਚੀ ਰੋਕ ਨਹੀਂ ਹੈ। ਇਸਦੀ ਤੁਲਨਾ ਲਿੰਗ, ਜਾਤੀ ਅਤੇ ਪਰਿਵਾਰਕ ਸਥਿਤੀ ਦੀਆਂ ਹੋਰ ਸੁਰੱਖਿਅਤ ਵਿਸ਼ੇਸ਼ਤਾਵਾਂ ਨਾਲ ਕੀਤੀ ਜਾ ਸਕਦੀ ਹੈ, ਜਿੱਥੇ ਅਜਿਹੀ ਰੱਖਿਆ ਹੈ। ਅੰਤਰਰਾਸ਼ਟਰੀ ਮਨੁੱਖੀ ਹੱਕ ਬੰਦਸ਼ਾਂ ਦੀ ਸ਼ਰਤ ਹੈ ਕਿ ਅਪੰਗ ਵਿਅਕਤੀਆਂ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਵੋਟ ਪਾ ਕੇ ਅਤੇ ਚੋਣਾਂ ਲੜ ਕੇ ਜਨਤਕ ਜੀਵਨ ਵਿੱਚ ਭਾਗ ਲੈਣ ਦਾ ਹੱਕ ਹੋਵੇ ਅਤੇ ਸੰਯੁਕਤ ਰਾਸ਼ਟਰ (United Nations) ਸੰਸਥਾਵਾਂ ਨੇ ਹਾਂਗ ਕਾਂਗ ਸਰਕਾਰ ਨੂੰ ਇਸਦੇ ਮੁਤਾਬਕ ਆਪਣੇ ਵਿਧਾਨ ਵਿੱਚ ਸੋਧ ਕਰਨ ਦੀ ਖ਼ਾਸ ਸਿਫ਼ਾਰਿਸ਼ ਕੀਤੀ ਹੈ। ਇਹ ਸਮੱਸਿਆ ਸੰਭਾਵਿਤ ਰੂਪ ਨਾਲ ਬਹੁਤ ਸਾਰੇ ਅਪੰਗ ਵਿਅਕਤੀਆਂ ਨੂੰ ਪ੍ਰਭਾਵਿਤ ਕਰਦੀ ਹੈ, ਮਾਨਸਿਕ ਬੀਮਾਰੀ ਜਾਂ ਬੌਧਿਕ ਅਸਮਰਥਤਾਵਾਂ ਵਾਲੇ ਵਿਅਕਤੀਆਂ ਸਮੇਤ ਅਤੇ ਰਾਇ ਵਿੱਚ ਸੰਸਥਾਵਾਂ ਅਤੇ ਵਿਅਕਤੀਆਂ ਦੋਵਾਂ ਵੱਲੋਂ EOC ਦੇ ਪ੍ਰਸਤਾਵ ਦਾ ਖ਼ਾਸ ਸਮਰਥਨ ਕੀਤਾ ਗਿਆ ਸੀ, ਜਿਹਨਾਂ ਵਿੱਚੋਂ ਕੁਝ ਨੇ ਇਸ ਗੱਲ ਤੇ ਵੀ ਧਿਆਨ ਦਿੱਤਾ ਕਿ ਵੋਟ ਪਾਉਣ ਦੇ ਹੱਕ ਦਾ ਖੰਡਨ ਮਨੁੱਖੀ ਹੱਕਾਂ ਦੀ ਸੰਭਾਵਿਤ ਉਲੰਘਣਾ ਹੈ।

**<u>ਸਿਫ਼ਾਰਿਸ਼ 3</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਚੋਣਾਂ ਵਿੱਚ ਵੋਟ ਪਾਉਣ ਅਤੇ ਚੋਣਾਂ ਲੜਨ ਵਿੱਚ ਅਪੰਗ ਵਿਅਕਤੀਆਂ ਦੇ ਵਿਰੁੱਧ ਪੱਖਪਾਤ ਤੇ ਰੋਕ ਮੁਹੱਈਆ ਕਰਨ ਲਈ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰੇ। ਅੱਗੇ ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਵਿਧਾਨਕ ਕਾਉਂਸਿਲ ਅਧਿਆਦੇਸ਼ (Legislative Council Ordinance) ਅਤੇ ਜ਼ਿਲ੍ਹਾ ਕਾਉਂਸਿਲ ਅਧਿਆਦੇਸ਼ (District Councils Ordinance) ਵਿੱਚ ਸ਼ਰਤਾਂ ਦੀ ਸਮੀਖਿਆ ਕਰੇ, ਜੋ ਉਹਨਾਂ ਅਪੰਗ ਵਿਅਕਤੀਆਂ ਨੂੰ ਵਿਧਾਨਕ ਕਾਉਂਸਿਲ ਅਤੇ ਜ਼ਿਲ੍ਹਾ ਕਾਉਂਸਿਲ ਚੋਣਾਂ ਵਿੱਚ ਵੋਟ ਲਈ ਰਜਿਸਟਰ ਕੀਤੇ ਜਾਣ ਤੋਂ ਅਯੋਗ ਠਹਿਰਾਉਂਦੇ ਹਨ, ਜਿਹਨਾਂ ਨੂੰ ਉਹਨਾਂ ਦੇ ਮਾਮਲੇ ਸੰਭਾਲਣ ਵਿੱਚ ਅਸਮਰੱਥ ਘੋਸ਼ਿਤ ਕੀਤਾ ਗਿਆ ਹੈ।**

**B. ਔਰਤਾਂ ਲਈ ਸਮਾਨਤਾ**

3.6 ਹਾਂਗ ਕਾਂਗ ਵਿੱਚ ਔਰਤਾਂ ਆਪਣੇ ਜੀਵਨ ਦੇ ਕਈ ਪੱਖਾਂ ਵਿੱਚ ਲਗਾਤਾਰ ਪੱਖਪਾਤ ਦਾ ਸਾਹਮਣਾ ਕਰਦੀਆਂ ਹਨ, ਖ਼ਾਸ ਕਰਕੇ ਬੱਚੇ ਹੋਣ ਸਮੇਂ, ਜਿਸਦਾ ਕੰਮ ਵਿੱਚ ਪੂਰੀ ਤਰ੍ਹਾਂ ਭਾਗ ਲੈਣ ਦੀ ਉਹਨਾਂ ਦੀ ਯੋਗਤਾ ਤੇ ਕਾਫ਼ੀ ਜ਼ਿਆਦਾ ਅਸਰ ਪੈਂਦਾ

ਹੈ। ਉਹ ਕਈ ਖੇਤਰਾਂ ਵਿੱਚ ਉੱਚ ਪੱਧਰ ਦੇ ਯੌਨ ਉਤਪੀੜਨ ਦਾ ਵੀ ਲਗਾਤਾਰ ਸਾਹਮਣਾ ਕਰਦੀਆਂ ਹਨ, ਜਿਸ ਬਾਰੇ ਸੈਕਸ਼ਨ D ਵਿੱਚ ਚਰਚਾ ਕੀਤੀ ਗਈ ਹੈ।

(i) ਜਣੇਪਾ ਛੁੱਟੀ ਤੋਂ ਬਾਅਦ ਕੰਮ ਪੋਜੀਸ਼ਨ ਤੇ ਵਾਪਸ ਪਰਤਣ ਦਾ ਔਰਤਾਂ ਦਾ ਹੱਕ

3.7 ਵਰਤਮਾਨ ਵਿੱਚ ਔਰਤਾਂ ਲਈ ਜਣੇਪਾ ਛੁੱਟੀ ਲੈਣ ਤੋਂ ਬਾਅਦ ਆਪਣੀ ਕੰਮ ਪੋਜੀਸ਼ਨ ਤੇ ਵਾਪਸ ਪਰਤਣ ਦੇ ਹੱਕ ਦੇ ਸੰਦਰਭ ਵਿੱਚ ਕੋਈ ਸੁਰੱਖਿਆ ਨਹੀਂ ਹੈ, ਜਿਸਦੀ ਤੁਲਨਾ ਇਹੋ ਜਿਹੇ ਅੰਤਰਰਾਸ਼ਟਰੀ ਨਿਆਂ ਅਧਿਕਾਰਾਂ ਵਿੱਚ ਮੌਜੂਦ ਰੱਖਿਆ ਨਾਲ ਕੀਤੀ ਜਾ ਸਕਦੀ ਹੈ। EOC ਦੇ ਸੰਚਾਲਨ ਸੰਬੰਧੀ ਅਨੁਭਵ ਦੇ ਆਧਾਰ ਤੇ, ਇਸ ਗੱਲ ਦਾ ਵੀ ਪ੍ਰਮਾਣ ਹੈ ਕਿ ਔਰਤਾਂ ਗਰਭ ਅਵਸਥਾ, ਜਣੇਪਾ ਛੁੱਟੀ ਦੇ ਦੌਰਾਨ ਗਰਭ ਅਵਸਥਾ ਦੇ ਆਧਾਰ ਤੇ ਅਤੇ ਕੰਮ ਤੇ ਪਰਤਣ ਤੋਂ ਬਾਅਦ, ਨੌਕਰੀ ਤੋਂ ਕੱਢੇ ਜਾਣ ਸਮੇਤ ਕਾਫੀ ਪੱਖਪਾਤ ਦਾ ਲਗਾਤਾਰ ਸਾਹਮਣਾ ਕਰਦੀਆਂ ਹਨ। ਰਾਇ ਪ੍ਰਯੋਗ ਵਿੱਚ, ਕਈ NGO ਸੰਗਠਨਾਂ ਅਤੇ ਵਿਅਕਤੀਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਕਿ ਔਰਤਾਂ ਨੂੰ ਨਿਆਂ ਮੁਤਾਬਕ ਛੋਟਾਂ ਦੇ ਅਧੀਨ, ਜਣੇਪਾ ਛੁੱਟੀ ਤੋਂ ਬਾਅਦ ਆਪਣੀ ਪਹਿਲੀ ਪੋਜੀਸ਼ਨ ਤੇ ਪਰਤਣ ਦਾ ਹੱਕ ਹੋਣਾ ਚਾਹੀਦਾ ਹੈ, ਘੱਟੋ-ਘੱਟ ਇੱਕ ਨਿਸ਼ਚਿਤ ਮਿਆਦ ਲਈ।

**ਸਿਫ਼ਾਰਿਸ਼ 4: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਔਰਤਾਂ ਲਈ ਜਣੇਪਾ ਛੁੱਟੀ ਤੋਂ ਬਾਅਦ ਆਪਣੀ ਪਹਿਲੀ ਪੋਜੀਸ਼ਨ ਤੇ ਜਾਂ ਜੇਕਰ ਉਹ ਪੋਜੀਸ਼ਨ ਉਦੋਂ ਮੌਜੂਦ ਨਾ ਹੋਵੇ, ਤਾਂ ਇੱਕ ਉਚਿਤ ਵਿਕਲਪਿਕ ਪੋਜੀਸ਼ਨ ਜਾਂ ਉਹੋ ਜਿਹੀਆਂ ਸ਼ਰਤਾਂ ਤੇ ਪਰਤਣ ਦਾ ਕਨੂੰਨੀ ਹੱਕ ਪੇਸ਼ ਕਰੇ। ਇਹ ਸ਼ਰਤ ਰੁਜ਼ਗਾਰ ਅਧਿਆਦੇਸ਼ (Employment Ordinance) ਜਾਂ ਵਿਕਲਪਿਕ ਤੌਰ ਤੇ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰਕੇ ਸ਼ਾਮਲ ਕੀਤੀ ਜਾ ਸਕਦੀ ਹੈ।**

(ii) ਬੱਚੇ ਨੂੰ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਲਈ ਪੱਖਪਾਤ ਤੋਂ ਉਚੇਚੀ ਰੱਖਿਆ

3.8 ਵਰਤਮਾਨ ਵਿੱਚ ਇਹ ਨਿਯਤ ਕਰਨ ਵਾਲੀ ਕੋਈ ਉਚੇਚੀ ਸ਼ਰਤ ਨਹੀਂ ਹੈ ਕਿ ਬੱਚੇ ਨੂੰ ਦੁੱਧ ਚੁੰਘਾਉਣ ਦੇ ਆਧਾਰਾਂ ਤੇ ਪੱਖਪਾਤ ਗੈਰਕਨੂੰਨੀ ਹੈ, ਹਾਲਾਂਕਿ EOC ਬੱਚੇ ਨੂੰ ਦੁੱਧ ਚੁੰਘਾਉਣ ਨਾਲ ਸਬੰਧਿਤ ਪੱਖਪਾਤ ਦੀਆਂ ਸ਼ਿਕਾਇਤਾਂ ਤੇ ਕਿਸੇ ਸਗੇ ਪਰਿਵਾਰਕ ਸਦੱਸ ਲਈ ਦੇਖਭਾਲ ਸੰਬੰਧੀ ਪਰਿਵਾਰਕ ਸਥਿਤੀ ਪੱਖਪਾਤ ਦੇ ਤੌਰ ਤੇ ਵਿਚਾਰ ਕਰਦਾ ਹੈ। EOC ਨੂੰ ਉਹਨਾਂ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਵੱਲੋਂ ਪੱਖਪਾਤ ਦੀਆਂ ਕਈ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ, ਜੋ ਕਈ ਖੇਤਰਾਂ ਵਿੱਚ ਪ੍ਰਤੱਖ ਅਤੇ ਅਪ੍ਰਤੱਖ ਪੱਖਪਾਤ ਦਾ ਸਾਹਮਣਾ ਕਰਦੀਆਂ ਹਨ। ਹਾਂਗ ਕਾਂਗ ਵਿੱਚ ਕੁਝ ਸਾਲਾਂ ਤੋਂ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਦੀ ਸੰਖਿਆ ਲਗਾਤਾਰ ਵਧ ਰਹੀ ਹੈ, ਜਿਸ ਨਾਲ ਇਹ ਸਮੱਸਿਆ ਵੱਧ ਮਹੱਤਵਪੂਰਣ ਬਣ ਰਹੀ ਹੈ।

**ਸਿਫ਼ਾਰਿਸ਼ 5: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਦੁੱਧ ਚੁੰਘਾਉਣ ਦੇ ਆਧਾਰਾਂ ਤੇ ਪ੍ਰਤੱਖ ਅਤੇ ਅਪ੍ਰਤੱਖ ਪੱਖਪਾਤ ਨੂੰ ਰੋਕਣ ਦੀਆਂ ਉਚੇਚੀਆਂ ਸ਼ਰਤਾਂ ਪੇਸ਼ ਕਰੇ। ਇਹ ਸ਼ਰਤ ਲਿੰਗ ਪੱਖਪਾਤ, ਪੱਖਪਾਤ ਦੀ ਇੱਕ ਵੱਖ ਸ਼੍ਰੇਣੀ ਦੇ ਰੂਪ ਵਿੱਚ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰਕੇ ਜਾਂ ਵਿਕਲਪਿਕ ਤੌਰ ਤੇ ਪਰਿਵਾਰਕ ਸਥਿਤੀ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰਕੇ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਦੁੱਧ ਚੁੰਘਾਉਣ ਦੀ ਪਰਿਭਾਸ਼ਾ ਵਿੱਚ ਦਬਾ ਕੇ ਦੁੱਧ ਕੱਢਣਾ ਵੀ ਸ਼ਾਮਲ ਹੋਣਾ ਚਾਹੀਦਾ ਹੈ।**

**C. ਸਾਰੇ ਜਾਤੀ ਸਮੂਹਾਂ ਲਈ ਸਮਾਨਤਾ**

3.9 ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਜਾਤੀ ਸੰਬੰਧੀ ਪੱਖਪਾਤ ਤੋਂ ਰੱਖਿਆ ਹੋਰਾਂ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਤੋਂ ਸੀਮਿਤ ਹੈ ਜਾਂ ਇਸ ਵਿੱਚ ਕੁਝ ਖ਼ਾਸ ਛੋਟਾਂ ਹਨ, ਜੋ ਜਾਤੀ ਅਤੇ ਸਬੰਧਿਤ ਪੱਖਪਾਤ ਤੋਂ ਰੱਖਿਆ ਨੂੰ ਕਮਜ਼ੋਰ ਬਣਾਉਂਦੀਆਂ ਹਨ।

(i) ਸਰਕਾਰੀ ਕੰਮਾਂ ਅਤੇ ਅਧਿਕਾਰਾਂ ਦੇ ਇਸਤੇਮਾਲ ਦੇ ਸੰਬੰਧ ਵਿੱਚ ਪੱਖਪਾਤ ਤੋਂ ਰੱਖਿਆ ਮੁਹੱਈਆ ਕਰਨਾ

3.10 ਵਰਤਮਾਨ ਵਿੱਚ ਸਰਕਾਰ ਵੱਲੋਂ ਜਾਤੀ ਸੰਬੰਧੀ ਪੱਖਪਾਤ ਤੋਂ ਕੋਈ ਰੱਖਿਆ ਨਹੀਂ ਹੈ, ਜਦੋਂ ਉਹ ਆਪਣੇ ਕੰਮਾਂ ਅਤੇ ਅਧਿਕਾਰਾਂ ਦਾ ਇਸਤੇਮਾਲ ਕਰਦੇ ਹਨ। ਇਹ ਹੋਰਾਂ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਦੇ ਅਧੀਨ ਰੱਖਿਆ ਦੇ ਅਨੁਰੂਪ ਨਹੀਂ ਹੈ; ਰੱਖਿਆ ਦੀ ਕਮੀ ਅੰਤਰਰਾਸ਼ਟਰੀ ਮਨੁੱਖੀ ਹੱਕਾਂ ਦੀਆਂ ਬੰਦਸ਼ਾਂ ਦੀ ਉਲੰਘਣਾ ਵੀ ਹੈ ਅਤੇ ਸੰਯੁਕਤ ਰਾਸ਼ਟਰ ਨੇ ਸਰਕਾਰ ਨੂੰ ਸੋਧ ਕਰਨ ਦੀਆਂ ਸਿਫ਼ਾਰਿਸ਼ਾਂ ਕੀਤੀਆਂ ਹਨ। ਇਹ ਇੱਕ ਮੁੱਖ ਸਮੱਸਿਆ ਹੈ, ਜੋ ਹਾਂਗ ਕਾਂਗ ਵਿੱਚ ਉਹਨਾਂ ਦੀ ਵਿਸ਼ੇਸ਼ ਜਾਤੀ ਤੇ ਵਿਚਾਰ ਕੀਤੇ ਬਿਨਾਂ ਹਰੇਕ ਤੇ ਅਸਰ ਪਾਉਂਦਾ ਹੈ ਅਤੇ EOC ਨੇ ਇਹ ਵੀ ਦੇਖਿਆ ਕਿ ਜਨਤਕ ਰਾਇ ਜਵਾਬਾਂ ਵਿੱਚ ਕਾਫੀ ਸੰਸਥਾਵਾਂ ਨੇ ਇਸ ਪ੍ਰਸਤਾਵ ਦਾ ਸਮਰਥਨ ਕੀਤਾ।

**ਸਿਫ਼ਾਰਿਸ਼ 6: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹ ਸ਼ਰਤ ਰੱਖਦੇ ਹੋਏ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰੇ ਕਿ ਸਰਕਾਰ ਲਈ ਇਸਦੇ ਕੰਮ ਕਰਨ ਵਿੱਚ ਜਾਂ ਇਸਦੇ ਅਧਿਕਾਰਾਂ ਦਾ ਇਸਤੇਮਾਲ ਕਰਨ ਵਿੱਚ ਪੱਖਪਾਤ ਕਰਨਾ ਗੈਰਕਨੂੰਨੀ ਹੈ।**

(ii) ਸਮਾਜ ਦੁਆਰਾ ਜਾਤੀ ਸੰਬੰਧੀ ਪੱਖਪਾਤ ਤੋਂ ਬਿਹਤਰ ਰੱਖਿਆ

3.11 ਵਰਤਮਾਨ ਵਿੱਚ, ਸਮਾਜ ਦੁਆਰਾ ਜਾਤੀ ਸੰਬੰਧੀ ਪੱਖਪਾਤ ਤੋਂ ਕੇਵਲ ਸੀਮਿਤ ਰੱਖਿਆ ਹੈ, ਜੋ ਕੇਵਲ ਨਜ਼ਦੀਕੀ ਰਿਸ਼ਤੇਦਾਰਾਂ ਤੇ ਲਾਗੂ ਹੁੰਦੀ ਹੈ ਅਤੇ ਹੋਰਾਂ ਸਬੰਧਿਤ ਵਿਅਕਤੀਆਂ ਤੋਂ ਨਹੀਂ ਜਿਵੇਂ ਦੋਸਤ, ਦੇਖਭਾਲਕਰਤਾ ਅਤੇ ਦਫ਼ਤਰ ਦੇ ਸਹਿਕਰਮੀ। ਇਹ ਅਪੰਗਤਾ ਦੇ ਸੰਬੰਧ ਵਿੱਚ ਅਨੁਕੂਲ ਰੱਖਿਆ ਤੋਂ ਘੱਟ ਹੈ। ਹਾਲਾਂਕਿ EOC ਨੇ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਵਿੱਚ ਉਸ ਰੱਖਿਆ ਦੇ ਵਿਸਤਾਰ ਕਰਨ ਤੇ ਰਾਇ ਪ੍ਰਾਪਤ ਕੀਤੀ ਹੈ, EOC ਕੋਲ ਇਸ ਸਮੇਂ ਅਜਿਹੀਆਂ ਸ਼ਰਤਾਂ ਨੂੰ ਜਾਇਜ਼ ਕਰਾਰ ਦੇਣ ਲਈ ਲਿੰਗ, ਗਰਭ ਅਵਸਥਾ, ਵਿਵਾਹਕ ਸਥਿਤੀ ਅਤੇ ਪਰਿਵਾਰਕ ਸਥਿਤੀ ਨਾਲ ਸਬੰਧਿਤ ਸਮਾਜ ਦੇ ਆਧਾਰਾਂ ਤੇ ਪੱਖਪਾਤ ਦਾ ਖ਼ਾਸ ਪ੍ਰਮਾਣ ਨਹੀਂ ਹੈ। ਕਿਉਂਕਿ ਸਮਾਜ ਵੱਲੋਂ ਜਾਤੀ ਸੰਬੰਧੀ ਪੱਖਪਾਤ ਤੋਂ ਸੀਮਿਤ ਰੱਖਿਆ ਹੈ, EOC ਦਾ ਮੰਨਣਾ ਹੈ ਕਿ ਇਸ ਰੱਖਿਆ ਨੂੰ DDO ਦੇ ਸਮਾਨ ਪੱਧਰ ਤੇ ਹੀ ਮਜ਼ਬੂਤ ਬਣਾਉਣ ਨੂੰ ਪ੍ਰਥਮਤਾ ਦੇਣੀ ਹੋਵੇਗੀ। EOC ਨੂੰ ਸਮਾਜ ਵੱਲੋਂ ਜਾਤੀ ਸੰਬੰਧੀ ਸੰਭਾਵਿਤ ਪੱਖਪਾਤ ਦੀਆਂ ਸਥਿਤੀਆਂ ਸੰਬੰਧੀ ਸਵਾਲ ਵੀ ਪ੍ਰਾਪਤ ਹੋਏ, ਜਿਹਨਾਂ ਤੇ ਇਹ ਹੋਰ ਵਿਚਾਰ ਨਹੀਂ ਕਰ ਸਕਿਆ।

**ਸਿਫ਼ਾਰਿਸ਼ 7: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਨਜ਼ਦੀਕੀ ਰਿਸ਼ਤੇਦਾਰਾਂ ਦੇ ਸੰਬੰਧ ਵਿੱਚ ਸ਼ਰਤਾਂ ਨੂੰ ਰੱਦ ਕਰਕੇ ਸਮਾਜ ਵੱਲੋਂ ਪ੍ਰਤੱਖ ਪੱਖਪਾਤ ਅਤੇ ਉਤਪੀੜਨ ਨੂੰ ਵਰਜਿਤ ਕਰਦੇ ਹੋਏ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਸ਼ਰਤਾਂ ਵਿੱਚ ਇਹਨਾਂ ਨੂੰ ਸ਼ਾਮਲ ਕਰਨ ਲਈ ਕਿਸੇ ਸਬੰਧਿਤ ਵਿਅਕਤੀ ਦੀ ਪਰਿਭਾਸ਼ਾ ਨਾਲ ਬਦਲ ਕੇ ਸੋਧ ਕਰੇ:**

**(a) ਵਿਅਕਤੀ ਦਾ ਜੀਵਨਸਾਥੀ;**

**(b) ਦੂਜਾ ਵਿਅਕਤੀ, ਜੋ ਇੱਕ ਅਸਲੀ ਘਰੇਲੂ ਆਧਾਰ ਤੇ ਉਸ ਵਿਅਕਤੀ ਨਾਲ ਰਹਿ ਰਿਹਾ ਹੈ;**

**(c) ਵਿਅਕਤੀ ਦਾ ਕੋਈ ਰਿਸ਼ਤੇਦਾਰ;**

**(d) ਵਿਅਕਤੀ ਦਾ ਕੋਈ ਦੇਖਭਾਲਕਰਤਾ; ਅਤੇ**

**(e) ਦੂਜਾ ਵਿਅਕਤੀ, ਜਿਸਦਾ ਵਿਅਕਤੀ ਨਾਲ ਕੋਈ ਕਾਰੋਬਾਰ, ਖੇਡ ਜਾਂ ਮਨੋਰੰਜਨ ਸੰਬੰਧ ਹੋਵੇ ।**

(iii) ਪ੍ਰਤੀਤੀ ਦੁਆਰਾ ਜਾਤੀ ਸੰਬੰਧੀ ਪੱਖਪਾਤ ਤੋਂ ਰੱਖਿਆ

3.12 ਵਰਤਮਾਨ ਵਿੱਚ, RDO ਦੇ ਅਧੀਨ ਜਾਤੀ ਦੇ ਆਧਾਰਾਂ ਤੇ ਪ੍ਰਤੀਤੀ ਅਤੇ ਇਲਜ਼ਾਮ ਦੁਆਰਾ ਪੱਖਪਾਤ ਤੋਂ ਕੋਈ ਰੱਖਿਆ ਨਹੀਂ ਹੈ। ਇਹ DDO ਤੋਂ ਵੱਖ ਹੈ, ਜਿੱਥੇ ਅਪੰਗਤਾ ਨਾਲ ਸੰਬੰਧਿਤ ਪ੍ਰਤੀਤੀ ਦੁਆਰਾ ਪੱਖਪਾਤ ਲਈ ਉਚੇਚੀ ਰੱਖਿਆ ਨਹੀਂ ਹੈ। ਹਾਲਾਂਕਿ EOC ਨੇ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਲਈ ਰੱਖਿਆ ਦਾ ਵਿਸਤਾਰ ਕਰਨ ਦੀ ਰਾਇ ਦਿੱਤੀ ਹੈ, EOC ਕੋਲ ਇਸ ਸਮੇਂ ਅਜਿਹੀਆਂ ਸ਼ਰਤਾਂ ਨੂੰ ਜਾਇਜ਼ ਕਰਾਰ ਦੇਣ ਲਈ ਲਿੰਗ, ਗਰਭ ਅਵਸਥਾ, ਵਿਵਾਹਕ ਸਥਿਤੀ ਅਤੇ ਪਰਿਵਾਰਕ ਸਥਿਤੀ ਨਾਲ ਸਬੰਧਿਤ ਪ੍ਰਤੀਤੀ ਦੇ ਆਧਾਰਾਂ ਤੇ ਪੱਖਪਾਤ ਦਾ ਖ਼ਾਸ ਪ੍ਰਮਾਣ ਨਹੀਂ ਹੈ। ਹਾਲਾਂਕਿ, EOC ਦਾ ਮੰਨਣਾ ਹੈ ਕਿ ਜਾਤੀ ਦੇ ਸੰਬੰਧ ਵਿੱਚ ਉਹ ਸੁਰੱਖਿਆ ਮੁਹੱਈਆ ਕਰਨਾ ਢੁਕਵਾਂ ਹੈ, ਕਿਉਂਕਿ ਅਜਿਹੀਆਂ ਕਈ ਸਥਿਤੀਆਂ ਹਨ, ਜਿੱਥੇ ਕਿਸੇ ਵਿਸ਼ੇਸ਼ ਜਾਤੀ ਦਾ ਹੋਣ ਦੀ ਪ੍ਰਤੀਤੀ ਹੋਣ ਦੀ ਵੱਧ ਸੰਭਾਵਨਾ ਹੋ ਸਕਦੀ ਹੈ, ਜਿਸਦੇ ਨਤੀਜੇ ਵਜੋਂ ਘੱਟ ਅਨੁਕੂਲ ਵਿਵਹਾਰ ਕੀਤਾ ਜਾਂਦਾ ਹੈ। ਇਸ ਪ੍ਰਮਾਣ ਨੂੰ ਦੇਖਦੇ ਹੋਏ ਕਿ ਹਾਂਗ ਕਾਂਗ ਵਿੱਚ ਜਾਤੀ ਸਮੂਹ ਉੱਚ ਪੱਧਰ ਦੇ ਜਾਤੀ ਸੰਬੰਧੀ ਪੱਖਪਾਤ, ਭੇਦਭਾਵ ਅਤੇ ਰੂੜੀਬੱਧ ਧਾਰਨਾਵਾਂ ਦਾ ਸਾਹਮਣਾ ਕਰਦੇ ਹਨ, EOC ਦਾ ਵਿਚਾਰ ਹੈ ਕਿ ਅਜਿਹੀ ਰੱਖਿਆ ਇਸ ਸਥਿਤੀ ਦਾ ਪਤਾ ਲਗਾਉਣ ਅਤੇ ਪੱਖਪਾਤ ਨੂੰ ਰੋਕਣ ਵਿੱਚ ਸਹਾਇਤਾ ਦਾ ਅਧਿਕਾਰ ਦੇਵੇਗੀ। ਸਮਾਜ ਦੁਆਰਾ ਜਾਤੀ ਸੰਬੰਧੀ ਪੱਖਪਾਤ ਤੋਂ ਰੱਖਿਆ ਸ਼ਾਮਲ ਕਰਨ ਦੀ EOC ਦੀ ਸਿਫ਼ਾਰਿਸ਼ ਨੂੰ ਦੇਖਦੇ ਹੋਏ, EOC ਦਾ ਮੰਨਣਾ ਹੈ ਕਿ ਪ੍ਰਤੀਤੀ ਰਾਹੀਂ ਜਾਤੀ ਸੰਬੰਧੀ ਪੱਖਪਾਤ ਤੋਂ ਰੱਖਿਆ ਵੀ ਅਨੁਕੂਲਤਾ ਦੇ ਕਾਰਨਾਂ ਲਈ ਅਤੇ ਇਹ ਯਕੀਨੀ ਬਣਾਉਣ ਲਈ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ ਕਿ ਪ੍ਰਤੀਤੀ ਪੱਧਰ ਅਪੰਗਤਾ ਨਾਲ ਸੰਬੰਧਿਤ ਪ੍ਰਤੀਤੀ ਦੇ ਸਮਾਨ ਹੈ।

**ਸਿਫ਼ਾਰਿਸ਼ 8: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਸ ਪ੍ਰਤੀਤੀ ਜਾਂ ਇਲਜ਼ਾਮ ਕਿ ਵਿਅਕਤੀ ਕਿਸੇ ਵਿਸ਼ੇਸ਼ ਜਾਤੀ ਸਮੂਹ ਦਾ ਹੈ, ਰਾਹੀਂ ਪ੍ਰਤੱਖ ਪੱਖਪਾਤ ਅਤੇ ਉਤਪੀੜਨ ਤੋਂ ਰੱਖਿਆ ਸ਼ਾਮਲ ਕਰਨ ਲਈ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰੇ।**

(iv) ਵਿਵਸਾਇਕ ਸਿਖਲਾਈ ਅਤੇ ਸਿੱਖਿਆ ਨਾਲ ਸਬੰਧਿਤ ਪੱਖਪਾਤ ਦੀ ਅਨੁਮਤੀ ਦੇਣ ਵਾਲੀਆਂ ਛੋਟਾਂ ਨੂੰ ਰੱਦ ਕਰਨਾ

3.13 ਅੰਗਰੇਜ਼ੀ ਅਤੇ ਚੀਨੀ ਦੋਵੇਂ ਹਾਂਗ ਕਾਂਗ ਦੀਆਂ ਰਾਸ਼ਟਰੀ ਭਾਸ਼ਾਵਾਂ ਹਨ ਅਤੇ ਦੋਵਾਂ ਦੀ ਸਮਾਨ ਸਥਿਤੀ ਹੈ। ਵਰਤਮਾਨ ਵਿੱਚ, RDO ਦੇ ਅਧੀਨ ਵਿਵਸਾਇਕ ਸਿਖਲਾਈ ਅਤੇ ਸਿੱਖਿਆ ਵਿੱਚ ਪੜ੍ਹਾਈ ਦੇ ਮਾਧਿਅਮ ਵਿੱਚ ਪੱਖਪਾਤ ਦੀ ਅਨੁਮਤੀ ਦੇਣ ਵਾਲੀ ਇੱਕ ਛੋਟ ਹੈ।

3.14 ਵਿਵਸਾਇਕ ਸਿਖਲਾਈ ਵਿੱਚ ਪੜ੍ਹਾਈ ਦੇ ਮਾਧਿਅਮ ਦੇ ਸੰਬੰਧ ਵਿੱਚ, EOC ਦੀਆਂ ਚਿੰਤਾਵਾਂ ਹਨ ਕਿ ਇਸ ਛੋਟ ਦਾ ਅਸਰ ਬਹੁਤ ਵਿਆਪਕ ਹੈ। EOC ਨੂੰ ਵਿਵਸਾਇਕ ਸਿਖਲਾਈ ਨਾਲ ਸਬੰਧਿਤ ਭਾਸ਼ਾ ਸੰਬੰਧੀ ਪੱਖਪਾਤ ਦੀਆਂ ਵੀ ਕਈ ਸ਼ਿਕਾਇਤਾਂ ਮਿਲੀਆਂ ਹਨ ਅਤੇ ਜਾਤੀ ਸੰਬੰਧੀ ਅਲਪ ਸੰਖਿਅਕ ਵਰਗਾਂ ਨਾਲ ਕੰਮ ਕਰਨ ਵਾਲੀਆਂ ਕੁਝ ਸੰਸਥਾਵਾਂ ਉਹਨਾਂ ਮੁਸ਼ਕਲਾਂ ਬਾਰੇ ਵੀ ਦੱਸਦੀਆਂ ਹਨ, ਜਾਤੀ ਸੰਬੰਧੀ ਅਲਪ ਸੰਖਿਅਕ ਵਰਗ ਜਿਹਨਾਂ ਦਾ ਸਾਹਮਣਾ ਅਕਸਰ ਪਾਠਕ੍ਰਮ ਦੀ ਭਾਸ਼ਾ ਦੇ ਕਾਰਨ ਵਿਵਸਾਇਕ ਸਿਖਲਾਈ ਵਿੱਚ ਕਰਦੇ ਹਨ। ਵਿਵਸਾਇਕ ਸਿਖਲਾਈ ਨਾਲ ਸਬੰਧਿਤ ਛੋਟ ਹੱਕ ਬਿਲ ਅਤੇ ਨਾਗਰਿਕ ਅਤੇ ਰਾਜਨੀਤਿਕ ਹੱਕਾਂ ਤੇ ਅੰਤਰਰਾਸ਼ਟਰੀ ਇਕਰਾਰ (International Covenant on Civil and Political Rights) (ICCPR) ਦੇ ਅਧੀਨ ਭਾਸ਼ਾ ਦੇ ਆਧਾਰਾਂ ਤੇ ਪੱਖਪਾਤ ਨੂੰ ਰੋਕਣ ਦੀਆਂ ਬੰਦਸ਼ਾਂ ਨਾਲ ਸ਼ਿਕਾਇਤ ਵੀ ਨਹੀਂ ਕੀਤੀ ਜਾ ਸਕਦੀ। EOC ਦੀ ਪੋਜੀਸ਼ਨ ਇਹ ਹੈ ਕਿ ਅਜਿਹੀਆਂ ਸਥਿਤੀਆਂ ਹਨ, ਜਿੱਥੇ ਕੇਵਲ

ਇੱਕ ਭਾਸ਼ਾ ਵਿੱਚ ਕੋਈ ਪਾਠਕ੍ਰਮ ਪੜ੍ਹਾਉਣ ਲਈ ਉਚਿਤ ਹੋਵੇਗੀ (ਇਹ ਮੰਨਦੇ ਹੋਏ ਕਿ ਇੱਕ ਜਾਇਜ਼ ਉਦੇਸ਼ ਸੀ ਅਤੇ ਕੇਵਲ ਉਸ ਭਾਸ਼ਾ ਵਿੱਚ ਸਿਖਲਾਈ ਮੁਹੱਈਆ ਕਰਨਾ ਸੰਤੁਲਿਤ ਸੀ), ਪਰੰਤੂ ਪੜ੍ਹਾਈ ਦੇ ਮਾਧਿਅਮ ਦੇ ਸੰਬੰਧ ਵਿੱਚ ਇੱਕ ਆਮ ਛੋਟ ਹੋਣਾ ਉਚਿਤ ਨਹੀਂ ਹੈ।

**<u>ਸਿਫ਼ਾਰਿਸ਼ 9</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਸੈਕਸ਼ਨ 20(2) ਦੇ ਅਧੀਨ, ਪੜ੍ਹਾਈ ਦੇ ਮਾਧਿਅਮ ਵਿੱਚ ਸੋਧ ਕਰਨ ਜਾਂ ਇਸ ਲਈ ਵੱਖ ਪ੍ਰਬੰਧ ਕਰਨ ਦੇ ਸੰਬੰਧ ਵਿੱਚ ਵਿਵਸਾਇਕ ਸਿਖਲਾਈ ਸੰਬੰਧੀ ਸ਼ਰਤ ਨੂੰ ਰੱਦ ਕਰੇ।**

3.15 ਸਿੱਖਿਆ ਵਿੱਚ ਪੜ੍ਹਾਈ ਦੇ ਮਾਧਿਅਮ ਦੇ ਸੰਬੰਧ ਵਿੱਚ, ਸਰਕਾਰ ਨੇ ਪਹਿਲਾਂ ਸੂਚਿਤ ਕੀਤਾ ਸੀ ਕਿ ਛੋਟ ਸਕੂਲਾਂ ਨੂੰ ਛੁੱਟੀਆਂ ਜਾਂ ਕਿਸੇ ਵੀ ਜਾਤੀ ਸੰਬੰਧੀ ਸਮੂਹ ਦੇ ਵਿਦਿਆਰਥੀਆਂ ਦੀ ਲੋੜ ਪੂਰੀ ਕਰਨ ਲਈ ਪੜ੍ਹਾਈ ਦੇ ਮਾਧਿਅਮ ਸੰਬੰਧੀ ਆਪਣੀਆਂ ਸ਼ਰਤਾਂ ਨੂੰ ਸੋਧਣ ਲਈ ਬੱਧ ਹੋਣ ਤੋਂ ਰੋਕਣ ਲਈ ਹੈ, ਜਿਵੇਂ ਜਾਤੀ ਸੰਬੰਧੀ ਅਲਪ ਸੰਖਿਅਕ ਵਰਗਾਂ ਨੂੰ ਉਹਨਾਂ ਦੀ ਖੁਦ ਦੀ ਭਾਸ਼ਾ ਪੜ੍ਹਾਉਣ ਲਈ ਬੱਧ ਕਰਨਾ। ਜਦਕਿ EOC ਸਰਕਾਰ ਦੀ ਸਥਿਤੀ ਸਮਝਦਾ ਹੈ, ਇਸਨੂੰ ਚਿੰਤਾ ਹੈ ਕਿ ਛੋਟ ਬਹੁਤ ਜ਼ਿਆਦਾ ਵਿਆਪਕ ਹੈ ਅਤੇ ਇਸਦੇ ਨਤੀਜੇ ਵਜੋਂ, ਚੀਨੀ ਨੂੰ ਦੂਜੀ ਭਾਸ਼ਾ ਦੇ ਤੌਰ ਤੇ ਸਿੱਖਣ ਲਈ ਜਾਤੀ ਸੰਬੰਧੀ ਅਲਪ ਸੰਖਿਅਕ ਵਰਗਾਂ ਦੀ ਕੋਈ ਵੀ ਟੀਚਾ ਬਣਾਈ ਸਹਾਇਤਾ ਦੀ ਲੋੜ ਨਾ ਹੋਣ ਦੇ ਤੌਰ ਤੇ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਇਸਦਾ ਠੋਸ ਪ੍ਰਮਾਣ ਹੈ ਕਿ ਜਾਤੀ ਸੰਬੰਧੀ ਅਲਪ ਸੰਖਿਅਕ ਵਰਗ ਵਰਤਮਾਨ ਵਿੱਚ ਚੀਨੀ ਸਿੱਖਣ ਵਿੱਚ ਕਾਫੀ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ, ਜੋ ਸਮਾਜ ਵਿੱਚ ਉਹਨਾਂ ਦੀ ਸਮਾਨ ਭਾਗੀਦਾਰੀ ਤੇ ਨਕਾਰਾਤਮਕ ਅਸਰ ਪਾਉਂਦਾ ਹੈ। ਸਿੱਖਿਆ ਸੰਬੰਧੀ ਛੋਟ ਹੱਕ ਬਿਲ ਅਤੇ ICCPR ਦੇ ਅਧੀਨ ਭਾਸ਼ਾ ਦੇ ਆਧਾਰਾਂ ਤੇ ਪੱਖਪਾਤ ਰੋਕਣ ਲਈ ਹਾਂਗਕਾਂਗ ਅਤੇ ਅੰਤਰਰਾਸ਼ਟਰੀ ਮਨੁੱਖੀ ਹੱਕ ਬੰਦਸ਼ਾਂ ਦੇ ਅਨੁਪਾਲਨ ਵਿੱਚ ਵੀ ਨਹੀਂ ਹੋ ਸਕਦੀ। EOC ਦਾ ਇਹ ਵੀ ਮੰਨਣਾ ਹੈ ਕਿ ਛੋਟ ਨੂੰ ਰੱਦ ਕਰਨ ਨਾਲ ਇਹ ਮੌਜੂਦਾ ਸਿੱਖਿਆ ਪ੍ਰਣਾਲੀ ਤੇ ਅਸਰ ਨਹੀਂ ਪਾਏਗੀ, ਜਿਵੇਂ ਦੋ ਰਾਸ਼ਟਰੀ ਭਾਸ਼ਾਵਾਂ ਵਿੱਚ ਪੜ੍ਹਾਉਣ ਨੂੰ ਸੰਭਵ ਤੌਰ ਤੇ ਇੱਕ ਸਹੀ ਉਦੇਸ਼ ਅਤੇ ਸੰਤੁਲਿਤ ਹੋਣਾ ਮੰਨਿਆ ਜਾਏਗਾ ਅਤੇ ਇਸਲਈ ਇਹ ਗੈਰਕਨੂੰਨੀ ਨਹੀਂ ਹੈ।

**<u>ਸਿਫ਼ਾਰਿਸ਼ 10</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਸੈਕਸ਼ਨ 26 (2) ਦੇ ਅਧੀਨ, ਪੜ੍ਹਾਈ ਦੇ ਮਾਧਿਅਮ ਵਿੱਚ ਸੋਧ ਕਰਨ ਜਾਂ ਇਸ ਲਈ ਵੱਖ ਪ੍ਰਬੰਧ ਕਰਨ ਦੇ ਸੰਬੰਧ ਵਿੱਚ ਸਿੱਖਿਆ ਸੰਬੰਧੀ ਸ਼ਰਤ ਨੂੰ ਰੱਦ ਕਰੇ।**

## D. ਪ੍ਰਤੱਖ ਅਤੇ ਅਪ੍ਰਤੱਖ ਪੱਖਪਾਤ ਅਤੇ ਉਤਪੀੜਨ ਤੋਂ ਰੱਖਿਆ ਨੂੰ ਬਿਹਤਰ ਬਣਾਉਣਾ

### (i) <u>ਪ੍ਰਤੱਖ ਪੱਖਪਾਤ ਤੋਂ ਰੱਖਿਆ ਨੂੰ ਬਿਹਤਰ ਬਣਾਉਣਾ</u>

3.16 ਦੋ ਅਜਿਹੀਆਂ ਸਮੱਸਿਆਵਾਂ ਹਨ, ਜਿਹਨਾਂ ਬਾਰੇ EOC ਦਾ ਮੰਨਣਾ ਹੈ ਕਿ ਪ੍ਰਤੱਖ ਪੱਖਪਾਤ ਦੀ ਸਥਾਪਨਾ ਵਿੱਚ ਉਹਨਾਂ ਤੇ ਧਿਆਨ ਦੇਣ ਦੀ ਲੋੜ ਹੈ: ਸੁਰੱਖਿਅਤ ਵਿਸ਼ੇਸ਼ਤਾਵਾਂ ਅਤੇ ਪ੍ਰਤੱਖ ਅਪੰਗਤਾ ਦਾਅਵਿਆਂ ਵਿੱਚ ਤੁਲਨਾ ਕਾਰਕਾਂ ਦੇ ਆਧਾਰਾਂ ਤੇ ਪੱਖਪਾਤ ਦਾ ਅਰਥ।

3.17 ਸਾਰੇ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਪ੍ਰਤੱਖ ਪੱਖਪਾਤ ਦੀ ਮੌਜੂਦਾ ਪਰਿਭਾਸ਼ਾ *ਵਿਅਕਤੀ ਦੀ* ਖ਼ਾਸ ਵਿਸ਼ੇਸ਼ਤਾ ਦੇ ਆਧਾਰਾਂ ਤੇ ਪੱਖਪਾਤ ਦਾ ਹਵਾਲਾ ਦਿੰਦੀ ਹੈ। ਇਸਦਾ ਭਾਵ ਹੈ ਕਿ ਪੱਖਪਾਤ ਦਾ ਸਾਹਮਣਾ ਕਰਨ ਵਾਲੇ ਵਿਅਕਤੀ ਕੋਲ

ਰੱਖਿਆ ਵਿਸ਼ੇਸ਼ਤਾ ਦਾ ਅਧਿਕਾਰ ਹੋਣਾ ਲਾਜ਼ਮੀ ਹੈ ਅਤੇ ਸੰਭਵ ਤੌਰ ਤੇ ਉਹਨਾਂ ਸਥਿਤੀਆਂ ਨੂੰ ਬਾਹਰ ਰੱਖਣਾ ਲਾਜ਼ਮੀ ਹੈ, ਜਿਹਨਾਂ ਵਿੱਚ ਕਿਸੇ ਵਿਅਕਤੀ ਨਾਲ ਰੱਖਿਆ ਵਿਸ਼ੇਸ਼ਤਾ ਦੇ ਆਧਾਰ ਤੇ ਘੱਟ ਅਨੁਕੂਲ ਵਿਵਹਾਰ ਕੀਤਾ ਜਾਂਦਾ ਹੈ, ਪਰੰਤੂ ਉਸ ਕੋਲ ਅਜਿਹੀ ਵਿਸ਼ੇਸ਼ਤਾ ਨਹੀਂ ਹੁੰਦੀ। ਇਹ ਰੱਖਿਆ ਵਿੱਚ ਇੱਕ ਅੰਤਰ ਹੈ ਅਤੇ ਹੋਰਾਂ ਨਿਆਂ ਅਧਿਕਾਰਾਂ ਵਿੱਚ ਤੁਲਨਾਤਮਕ ਰੱਖਿਆ ਤੋਂ ਭਿੰਨ ਹੈ। ਇਸਤੋਂ ਇਲਾਵਾ, ਇਹ ਸਮਾਜ ਅਤੇ ਪ੍ਰਤੀਤੀ ਜਾਂ ਇਲਜ਼ਾਮ ਰਾਹੀਂ ਪੱਖਪਾਤ ਦੇ ਹੋਰ ਸਬੰਧਿਤ ਸ਼ਰਤਾਂ ਦੇ ਵੀ ਅਨੁਕੂਲ ਨਹੀਂ ਹੈ।

**<u>ਸਿਫ਼ਾਰਿਸ਼ 11</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹ ਸੂਚਿਤ ਕਰਨ ਲਈ ਸਾਰੇ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਪ੍ਰਤੱਖ ਪੱਖਪਾਤ ਦੀ ਪਰਿਭਾਸ਼ਾ ਨੂੰ ਸੋਧੇ ਕਿ, ਰੱਖਿਆ ਵਿਸ਼ੇਸ਼ਤਾ ਦੇ ਆਧਾਰਾਂ ਤੇ, ਕਿਸੇ ਵਿਅਕਤੀ ਨੂੰ ਰੱਖਿਆ ਵਿਸ਼ੇਸ਼ਤਾ ਹੋਣ ਦੀ ਲੋੜ ਦੀ ਬਜਾਏ, ਉਸ ਨਾਲ ਘੱਟ ਅਨੁਕੂਲ ਵਿਵਹਾਰ ਕੀਤਾ ਜਾਂਦਾ ਹੈ।**

3.18 ਪ੍ਰਤੱਖ ਅਪੰਗਤਾ ਦਾਅਵਿਆਂ ਦੇ ਸੰਬੰਧ ਵਿੱਚ, ਮੌਜੂਦਾ ਸ਼ਰਤ ਦੀ ਭਾਸ਼ਾ ਲਈ ਅਪੰਗ ਵਿਅਕਤੀ ਅਤੇ "ਬਿਨਾਂ ਅਪੰਗਤਾ" ਦੇ ਦੂਜੇ ਵਿਅਕਤੀ ਦੇ ਵਿਚਕਾਰ ਤੁਲਨਾ ਕੀਤੇ ਜਾਣ ਦੀ ਲੋੜ ਹੈ, ਜਿਸਦਾ ਭਾਵ ਹੈ ਕਿ ਰੱਖਿਆ ਉਹਨਾਂ ਸਥਿਤੀਆਂ ਤੇ ਲਾਗੂ ਨਹੀਂ ਹੁੰਦੀ, ਜਿੱਥੇ ਕਿਸੇ ਅਪੰਗ ਵਿਅਕਤੀ ਨਾਲ ਕਿਸੇ ਵੱਖ ਅਸਮਰੱਥਾ ਵਾਲੇ ਵਿਅਕਤੀ ਦੇ ਮੁਕਾਬਲੇ ਘੱਟ ਅਨੁਕੂਲ ਵਿਵਹਾਰ ਕੀਤਾ ਜਾਂਦਾ ਹੈ। ਇਸਨੂੰ ਸੋਧਣ ਦੀ ਲੋੜ ਦਾ ਪ੍ਰਮਾਣ ਹੈ, ਇਹ ਦੇਖਦੇ ਹੋਏ ਕਿ ਕੁਝ ਅਸਮਰਥਤਾਵਾਂ ਜਿਵੇਂ ਮਾਨਸਿਕ ਅਸਮਰਥਤਾਵਾਂ ਜਾਂ ਲਾਗਾਂ ਵਾਲੀਆਂ ਬੀਮਾਰੀਆਂ ਵਾਲੇ ਵਿਅਕਤੀ ਹੋਰਾਂ ਅਸਮਰਥਤਾਵਾਂ ਵਾਲੇ ਵਿਅਕਤੀਆਂ ਦੇ ਮੁਕਾਬਲੇ ਵੱਧ ਕਲੰਕ ਅਤੇ ਪੱਖਪਾਤ ਦਾ ਸਾਹਮਣਾ ਕਰਦੇ ਹਨ।

**<u>ਸਿਫ਼ਾਰਿਸ਼ 12</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹ ਸਪਸ਼ਟ ਕਰਨ ਲਈ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਸੈਕਸ਼ਨ 6 ਅਤੇ 8 ਵਿੱਚ ਪ੍ਰਤੱਖ ਅਪੰਗਤਾ ਸੰਬੰਧੀ ਪੱਖਪਾਤ ਸ਼ਰਤਾਂ ਵਿੱਚ ਸੋਧ ਕਰੇ ਕਿ ਇਸ ਵਿੱਚ ਅਪੰਗ ਵਿਅਕਤੀਆਂ ਵਿਚਕਾਰ ਪੱਖਪਾਤ ਤੋਂ ਰੱਖਿਆ ਸ਼ਾਮਲ ਹੈ।**

(ii) <u>ਅਪ੍ਰਤੱਖ ਪੱਖਪਾਤ ਤੋਂ ਰੱਖਿਆ ਨੂੰ ਬਿਹਤਰ ਬਣਾਉਣਾ</u>

3.19 ਅਪ੍ਰਤੱਖ ਪੱਖਪਾਤ ਦੀ ਮੌਜੂਦਾ ਪਰਿਭਾਸ਼ਾ ਕਈ ਪੱਖਾਂ ਵਿੱਚ ਬਹੁਤ ਸੀਮਿਤ ਹੈ, ਜਿਹਨਾਂ ਵਿੱਚ ਸ਼ਾਮਲ ਹਨ "ਲੋੜ ਜਾਂ ਸਥਿਤੀ" ਦੇ ਖੇਤਰ; ਹਾਨੀ ਜਾਂ ਨੁਕਸਾਨ ਦੀ ਸਥਾਪਨਾ; ਅਤੇ ਅਪ੍ਰਤੱਖ ਪੱਖਪਾਤ ਲਈ ਨਿਯਤ ਕੀਤੀ ਜਿਸਦੀ ਪਰਿਭਾਸ਼ਾ ਨੂੰ ਠੀਕ ਸਿੱਧ ਕਰਨਾ ਹੁੰਦਾ ਹੈ। ਨਤੀਜੇ ਵਜੋਂ, ਕੁਝ ਸਥਿਤੀਆਂ ਵਿੱਚ, ਨਾਜਾਇਜ਼ ਤਰੀਕੇ ਨਾਲ ਪੱਖਪਾਤ ਦੇ ਦਾਅਵੇ ਨਹੀਂ ਕੀਤੇ ਜਾ ਸਕਦੇ। ਸ਼ਿਕਾਇਤਾਂ ਦੇ ਨਾਲ-ਨਾਲ, ਹੋਰਾਂ ਨਿਆਂ ਅਧਿਕਾਰਾਂ ਵਿੱਚ ਵਿਕਾਸ ਤੇ ਵਿਚਾਰ ਕਰਨ ਦੇ ਸਾਡੇ ਸੰਚਾਲਨ ਅਨੁਭਵ ਦੇ ਆਧਾਰ ਤੇ, EOC ਸਮਝਦਾ ਹੈ ਕਿ ਅਪ੍ਰਤੱਖ ਪੱਖਪਾਤ ਦੀ ਪਰਿਭਾਸ਼ਾ ਨੂੰ ਸੋਧਿਆ ਜਾਣਾ ਚਾਹੀਦਾ ਹੈ।

**<u>ਸਿਫ਼ਾਰਿਸ਼ 13</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹਨਾਂ ਲਈ ਸਾਰੇ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਅਪ੍ਰਤੱਖ ਪੱਖਪਾਤ ਦੀ ਪਰਿਭਾਸ਼ਾ ਵਿੱਚ ਸੋਧ ਕਰੇ:**

- **ਇੱਕ ਸ਼ਰਤ, ਮਾਪਦੰਡ ਜਾਂ ਅਭਿਆਸ ਉਹਨਾਂ ਵਿਅਕਤੀਆਂ ਤੇ ਸਮਾਨ ਰੂਪ ਨਾਲ ਲਾਗੂ ਹੁੰਦਾ ਹੈ ਜਾਂ ਲਾਗੂ ਹੋਵਗਾ, ਜਿਹਨਾਂ ਵਿੱਚ ਸਾਂਝੀ ਵਿਸ਼ੇਸ਼ਤਾ ਨਹੀਂ ਹੈ;**
- **ਜੋ ਸੁਰੱਖਿਅਤ ਵਿਸ਼ੇਸ਼ਤਾ ਵਾਲੇ ਵਿਅਕਤੀ ਲਈ ਨੁਕਸਾਨਦੇਹ ਹੈ ਜਾਂ ਹੋਵੇਗੀ;**

- **ਜੇ ਇੱਕ ਜਾਇਜ਼ ਉਦੇਸ਼ ਨੂੰ ਪੂਰਾ ਕਰਕੇ ਜਾਂ ਉਦੇਸ਼ ਲਈ ਇੱਕ ਉਚਿਤ ਜਾਂ ਸੰਤੁਲਿਤ ਸੰਬੰਧ ਠੀਕ ਹੋਣਾ ਨਹੀਂ ਦਿਖਾਇਆ ਜਾ ਸਕਦਾ।**

(iii) ਉਤਪੀੜਨ ਤੋਂ ਰੱਖਿਆ ਨੂੰ ਬਿਹਤਰ ਬਣਾਉਣਾ

3.20 ਵਰਤਮਾਨ ਵਿੱਚ, ਕੁਝ ਅਜਿਹੀਆਂ ਸਥਿਤੀਆਂ ਹਨ, ਜਿੱਥੇ ਉਤਪੀੜਨ ਨੂੰ ਰੋਕਣ ਵਾਲੀਆਂ ਮੌਜੂਦਾ ਸ਼ਰਤਾਂ ਪੂਰੀ ਰੱਖਿਆ ਮੁਹੱਈਆ ਨਹੀਂ ਕਰਦੀਆਂ। ਇਹਨਾਂ ਵਿੱਚ ਸ਼ਾਮਲ ਹਨ: ਉਹਨਾਂ ਵਿਅਕਤੀਆਂ ਲਈ ਸੈਕਸੁਅਲ, ਜਾਤੀ ਸੰਬੰਧੀ ਜਾਂ ਅਪੰਗਤਾ ਉਤਪੀੜਨ ਤੋਂ ਕੋਈ ਰੱਖਿਆ ਨਹੀਂ, ਜੋ ਇੱਕੋ ਕਾਰਜਖੇਤਰ ਵਿੱਚ ਕੰਮ ਕਰਦੇ ਹਨ (ਜਿਵੇਂ ਸਵੈਇੱਛੁਕ ਜਾਂ ਮਾਲ ਭੇਜਣ ਤੇ ਕੰਮ ਕਰਨ ਵਾਲੇ ਵਿਅਕਤੀ) ਅਤੇ ਇੱਕ ਰੁਜ਼ਗਾਰ ਸੰਬੰਧ ਵਿੱਚ ਨਹੀਂ ਹਨ; ਸੇਵਾ ਵਰਤੋਂਕਾਰਾਂ ਵੱਲੋਂ ਸੇਵਾ ਪ੍ਰਦਾਤਾਵਾਂ ਦੇ ਜਾਤੀ ਸੰਬੰਧੀ ਅਤੇ ਅਪੰਗਤਾ ਸੰਬੰਧੀ ਉਤਪੀੜਨ ਤੋਂ ਕੋਈ ਰੱਖਿਆ ਨਹੀਂ, ਹਾਂਗ ਕਾਂਗ ਦੇ ਰਜਿਸਟਰਡ ਜਹਾਜਾਂ ਅਤੇ ਵਿਮਾਨ ਤੇ ਹੋਣ ਸਮੇਤ; ਇੱਕੋ ਨਿਵਾਸ ਸਥਾਨ ਵਿੱਚ ਰਹਿਣ ਵਾਲੇ ਹੋਰਾਂ ਕਿਰਾਏਦਾਰਾਂ ਜਾਂ ਉਪ-ਕਿਰਾਏਦਾਰਾਂ ਵੱਲੋਂ ਕਿਰਾਏਦਾਰਾਂ ਜਾਂ ਉਪ-ਕਿਰਾਏਦਾਰਾਂ ਦੇ ਸੈਕਸੁਅਲ, ਜਾਤੀ ਸੰਬੰਧੀ ਜਾਂ ਅਪੰਗਤਾ ਉਤਪੀੜਨ ਤੋਂ ਕੋਈ ਰੱਖਿਆ ਨਹੀਂ; ਕਲੱਬ ਦੇ ਪ੍ਰਬੰਧਨ ਵੱਲੋਂ ਮੈਂਬਰਾਂ ਜਾਂ ਸੰਭਾਵੀ ਮੈਂਬਰਾਂ ਦੇ ਸੈਕਸੁਅਲ, ਜਾਤੀ ਸੰਬੰਧੀ ਜਾਂ ਅਪੰਗਤਾ ਉਤਪੀੜਨ ਤੋਂ ਕੋਈ ਰੱਖਿਆ ਨਹੀਂ। ਇਸਤੋਂ ਇਲਾਵਾ, EOC ਦਾ ਮੰਨਣਾ ਹੈ ਕਿ ਮਾਲਕਾਂ ਦੀ ਆਪਣੇ ਕਰਮਚਾਰੀਆਂ ਦੇ ਉਤਪੀੜਨ ਨੂੰ ਰੋਕਣ ਦੇ ਸੰਦਰਭ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਹੋਵੇ ਅਤੇ ਇਸ ਸਮੇਂ ਮਾਲਕਾਂ ਦੀ ਜਵਾਬਦੇਹੀ ਦੀ ਕੋਈ ਸ਼ਰਤ ਨਹੀਂ ਹੈ, ਜਿੱਥੇ ਉਹ ਗਾਹਕਾਂ ਜਿਹੀਆਂ ਤੀਜੀਆਂ ਧਿਰਾਂ ਵੱਲੋਂ ਕਰਮਚਾਰੀਆਂ ਦੇ ਉਤਪੀੜਨ ਹੋਣ ਨੂੰ ਰੋਕਣ ਲਈ ਉਚਿਤ ਕਾਰਵਾਈ ਕਰਨ ਵਿੱਚ ਅਸਫਲ ਰਹਿੰਦੇ ਹਨ।

3.21 EOC ਨੂੰ ਉਤਪੀੜਨ ਦੀਆਂ ਕਈ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ, ਖ਼ਾਸ ਕਰਕੇ ਸੈਕਸੁਅਲ ਉਤਪੀੜਨ ਦੀਆਂ। ਉਪਰੋਕਤ ਨਾਲ ਸਬੰਧਿਤ ਕੁਝ ਮਾਮਲਿਆਂ ਵਿੱਚ, EOC ਉਤਪੀੜਨ ਸ਼ਿਕਾਇਤ ਦੀ ਪ੍ਰਕਿਰਿਆ ਕਰਨ ਵਿੱਚ ਅਸਮਰੱਥ ਸੀ ਕਿਉਂਕਿ ਕੋਈ ਵਿਧਾਨਕ ਰੱਖਿਆ ਨਹੀਂ ਸੀ। EOC ਨੇ ਇਹਨਾਂ ਕਈ ਸਮੱਸਿਆਵਾਂ ਤੇ, ਪਹਿਲਾਂ ਸਰਕਾਰ ਨੂੰ ਸੋਧ ਤੇ ਜ਼ੋਰ ਦਿੰਦੇ ਹੋਏ ਬੇਨਤੀਆਂ ਕੀਤੀਆਂ, ਜਿਸ ਲਈ ਸਰਕਾਰ ਨੇ ਸਧਾਰਨ ਤੌਰ ਤੇ ਸਹਿਮਤੀ ਦਿੱਤੀ ਸੀ ਪਰੰਤੂ ਤਬਦੀਲੀਆਂ ਦਾ ਕਨੂੰਨ ਪਾਸ ਨਹੀਂ ਕੀਤਾ। EOC ਨੇ ਕੁਝ ਅਧਿਐਨ ਵੀ ਕੀਤੇ ਹਨ, ਜੋ ਰੁਜ਼ਗਾਰ, ਸਿੱਖਿਆ ਅਤੇ ਸੇਵਾਵਾਂ ਦੇ ਪ੍ਰਬੰਧ ਜਿਹੇ ਕਈ ਖੇਤਰਾਂ ਵਿੱਚ ਸੈਕਸੁਅਲ ਉਤਪੀੜਨ ਦੇ ਉੱਚ ਪੱਧਰ ਦਰਸਾਉਂਦੇ ਹਨ। ਇਸਦਾ ਵੀ ਪ੍ਰਮਾਣ ਹੈ ਕਿ ਕੁਝ ਕਮਜ਼ੋਰ ਸਮੂਹ, ਵਿਦੇਸ਼ੀ ਘਰੇਲੂ ਕਾਮਿਆਂ ਸਮੇਤ, ਰੱਖਿਆ ਵਿੱਚ ਅੰਤਰਾਂ ਤੋਂ ਵਿਸ਼ੇਸ਼ ਰੂਪ ਨਾਲ ਪ੍ਰਭਾਵਿਤ ਹੋ ਸਕਦੇ ਹਨ, ਜੋ ਸੰਭਾਵਿਤ ਰੂਪ ਨਾਲ ਕਈ ਖੇਤਰਾਂ ਵਿੱਚ ਕਾਫੀ ਲੋਕਾਂ ਤੇ ਅਸਰ ਪਾਉਂਦਾ ਹੈ। **ਇਸਲਈ EOC ਸਰਕਾਰ ਨੂੰ ਇਹ ਸਿਫ਼ਾਰਿਸ਼ਾਂ ਕਰਦੀ ਹੈ:**

**ਸਿਫ਼ਾਰਿਸ਼ 14: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਕਿਸੇ ਮਾਲਕ ਨੂੰ ਗਾਹਕ ਜਿਹੀ ਤੀਜੀ ਧਿਰ ਵੱਲੋਂ ਕਰਮਚਾਰੀ ਦੇ ਸੈਕਸੁਅਲ, ਜਾਤੀ ਸੰਬੰਧੀ ਜਾਂ ਅਪੰਗਤਾ ਉਤਪੀੜਨ ਲਈ, ਜਿੱਥੇ ਮਾਲਕ ਨੇ ਉਤਪੀੜਨ ਦੇਖਿਆ ਹੋਵੇ ਅਤੇ ਉਤਪੀੜਨ ਨੂੰ ਰੋਕਣ ਲਈ ਉਚਿਤ ਕਦਮ ਚੁੱਕਣ ਵਿੱਚ ਅਸਫਲ ਰਿਹਾ ਹੋਵੇ, ਜਵਾਬਦੇਹ ਬਣਾਉਣ ਲਈ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼, ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਅਤੇ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰੇ;**

**ਸਿਫ਼ਾਰਿਸ਼ 15: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇੱਕੋ ਕਾਰਜ ਸਥਾਨ ਵਿੱਚ, ਜਿਵੇਂ ਮਾਲ ਭੇਜਣ ਵਾਲੇ ਕਾਮੇ ਅਤੇ ਸਵੈਇੱਛੁਕ ਵਿਅਕਤੀਆਂ ਦੀ ਸੈਕਸੁਅਲ, ਜਾਤੀ ਸੰਬੰਧੀ ਅਤੇ ਅਪੰਗਤਾ ਸੰਬੰਧੀ ਉਤਪੀੜਨ ਤੋਂ ਰੱਖਿਆ ਮੁਹੱਈਆ ਕਰਨ ਲਈ**

ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼, ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਅਤੇ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਦੀਆਂ ਸ਼ਰਤਾਂ ਵਿੱਚ ਸੋਧ ਕਰੇ;

**ਸਿਫ਼ਾਰਿਸ਼ 16: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਸੇਵਾ ਵਰਤੋਂਕਾਰਾਂ ਵੱਲੋਂ ਸੇਵਾ ਪ੍ਰਦਾਤਾਵਾਂ ਦੇ ਜਾਤੀ ਸੰਬੰਧੀ ਅਤੇ ਅਪੰਗਤਾ ਸੰਬੰਧੀ ਉਤਪੀੜਨ ਤੋਂ ਰੱਖਿਆ ਮੁਹੱਈਆ ਕਰਨ ਲਈ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਅਤੇ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਦੀਆਂ ਸ਼ਰਤਾਂ ਵਿੱਚ ਸੋਧ ਕਰੇ;**

**ਸਿਫ਼ਾਰਿਸ਼ 17: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਸੇਵਾ ਵਰਤੋਂਕਾਰਾਂ ਵੱਲੋਂ ਸੇਵਾ ਪ੍ਰਦਾਤਾਵਾਂ ਦੇ ਜਾਤੀ ਸੰਬੰਧੀ ਅਤੇ ਅਪੰਗਤਾ ਸੰਬੰਧੀ ਉਤਪੀੜਨ ਤੋਂ ਰੱਖਿਆ ਮੁਹੱਈਆ ਕਰਨ ਲਈ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਅਤੇ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਦੀਆਂ ਸ਼ਰਤਾਂ ਵਿੱਚ ਸੋਧ ਕਰੇ, ਜਿੱਥੇ ਅਜਿਹਾ ਉਤਪੀੜਨ ਹਾਂਗ ਕਾਂਗ ਤੋਂ ਬਾਹਰ ਹੁੰਦਾ ਹੈ, ਪਰੰਤੂ ਹਾਂਗ ਕਾਂਗ ਦੇ ਰਜਿਸਟਰਡ ਵਿਮਾਨਾਂ ਅਤੇ ਜਹਾਜਾਂ ਤੇ;**

**ਸਿਫ਼ਾਰਿਸ਼ 18: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇੱਕੋ ਨਿਵਾਸ ਸਥਾਨ ਵਿੱਚ ਰਹਿਣ ਵਾਲੇ ਹੋਰ ਕਿਰਾਏਦਾਰ ਜਾਂ ਉਪ-ਕਿਰਾਏਦਾਰ ਵੱਲੋਂ ਕਿਰਾਏਦਾਰਾਂ ਜਾਂ ਉਪ-ਕਿਰਾਏਦਾਰਾਂ ਨੂੰ ਸੈਕਸੁਅਲ, ਜਾਤੀ ਸੰਬੰਧੀ ਜਾਂ ਅਪੰਗਤਾ ਸੰਬੰਧੀ ਉਤਪੀੜਨ ਤੋਂ ਰੱਖਿਆ ਮੁਹੱਈਆ ਕਰਨ ਲਈ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼, ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਅਤੇ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰੇ;**

**ਸਿਫ਼ਾਰਿਸ਼ 19: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਕਲੱਬ ਦੇ ਪ੍ਰਬੰਧਨ ਵੱਲੋਂ ਮੈਂਬਰਾਂ ਜਾਂ ਸੰਭਾਵੀ ਮੈਂਬਰਾਂ ਦੇ ਸੈਕਸੁਅਲ, ਜਾਤੀ ਸੰਬੰਧੀ ਜਾਂ ਅਪੰਗਤਾ ਸੰਬੰਧੀ ਉਤਪੀੜਨ ਤੋਂ ਰੱਖਿਆ ਮੁਹੱਈਆ ਕਰਨ ਲਈ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼, ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਅਤੇ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰੇ।**

### E. ਜਨਤਕ ਅਥਾੱਰਿਟੀਜ ਦੇ ਸੰਬੰਧ ਵਿੱਚ ਸੁਰੱਖਿਆ ਦਾ ਖੇਤਰ

3.22 ਇਸ ਸਮੇਂ ਜਨਤਕ ਅਥਾੱਰਿਟੀਜ ਦੇ ਸੰਬੰਧ ਵਿੱਚ ਪੱਖਪਾਤ ਤੋਂ ਰੱਖਿਆ ਵਿੱਚ ਅੰਤਰਾਲ ਹੈ, ਕਿਉਂਕਿ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ ਸ਼ਰਤ ਨਹੀਂ ਰੱਖਦੇ ਕਿ ਜਨਤਕ ਅਥਾੱਰਿਟੀਜ ਦਾ ਆਪਣੇ ਕੰਮ ਕਰਨ ਅਤੇ ਅਧਿਕਾਰਾਂ ਦਾ ਇਸਤੇਮਾਲ ਕਕਰਨ ਵਿੱਚ ਪੱਖਪਾਤ ਕਰਨਾ ਗੈਰਕਨੂੰਨੀ ਹੈ। ਇਹ ਦ੍ਰਿਸ਼ਟੀਕੋਣ ਹੱਕ ਬਿਲ ਦੇ ਅਧੀਨ ਜਨਤਕ ਅਥਾੱਰਿਟੀਜ ਵੱਲੋਂ ਪੱਖਪਾਤ ਨੂੰ ਰੋਕਣ ਦੀਆਂ ਬੰਦਸ਼ਾਂ ਦੇ ਅਨੁਕੂਲ ਨਹੀਂ ਹੈ। ਰਾਇ ਦੇ ਸੰਬੰਧ ਵਿੱਚ, ਕੁਝ ਸੰਸਥਾਵਾਂ ਨੇ ਦੱਸਿਆ ਕਿ ਇਹ ਪਰਿਭਾਸ਼ਤ ਕਰਨਾ ਮਹੱਤਵਪੂਰਣ ਹੋਵੇਗਾ ਕਿ ਜਨਤਕ ਅਥਾੱਰਿਟੀ ਕਿਸਨੂੰ ਮੰਨਿਆ ਜਾਂਦਾ ਹੈ।

**ਸਿਫ਼ਾਰਿਸ਼ 20: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇੱਕ ਸ਼ਰਤ ਸ਼ਾਮਲ ਕਰਨ ਲਈ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰੇ ਕਿ ਉਹ ਸਾਰੀਆਂ ਜਨਤਕ ਅਥਾੱਰਿਟੀਜ ਤੇ ਲਾਗੂ ਹੁੰਦੀ ਹੈ ਅਤੇ ਉਹਨਾਂ ਦੇ ਕੰਮ ਕਰਨ ਅਤੇ ਆਪਣੇ ਅਧਿਕਾਰਾਂ ਦਾ ਇਸਤੇਮਾਲ ਕਰਨ ਵਿੱਚ ਪੱਖਪਾਤ ਕਰਨਾ ਗੈਰਕਨੂੰਨੀ ਹੈ। ਇਸਤੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਜਨਤਕ ਅਥਾੱਰਿਟੀ ਦੀ ਪਰਿਭਾਸ਼ਾ ਲੋੜੀਂਦੀ ਹੈ ਜਾਂ ਨਹੀਂ।**

### F. ਪੱਖਪਾਤ ਦੇ ਦਾਅਵੇ

(i) ਪੱਖਪਾਤ ਦੇ ਦਾਅਵਿਆਂ ਦੇ ਪ੍ਰਮਾਣ ਦੇ ਸੰਬੰਧ ਵਿੱਚ ਉਚੇਚੀਆਂ ਸ਼ਰਤਾਂ ਸ਼ਾਮਲ ਕਰਨਾ

3.23 ਪੱਖਪਾਤ ਦੇ ਮਾਮਲਿਆਂ ਨੂੰ ਸਾਬਤ ਕਰਨਾ ਮੁਸ਼ਕਲ ਹੁੰਦਾ ਹੈ, ਇਹ ਦੇਖਦੇ ਹੋਏ ਕਿ ਅਕਸਰ ਪੱਖਪਾਤ ਦਾ ਕੋਈ ਪ੍ਰਤੱਖ ਪ੍ਰਮਾਣ ਨਹੀਂ ਹੁੰਦਾ। ਹਾਲਾਂਕਿ ਪੱਖਪਾਤ-ਵਿਰੋਧੀ ਵਿਧਾਨ ਵਿੱਚ ਸਪਸ਼ਟ ਰੂਪ ਨਾਲ ਨਹੀਂ ਦਿੱਤਾ ਗਿਆ, ਹਾਂਗ ਕਾਂਗ ਦੀਆਂ ਅਦਾਲਤਾਂ ਇਹ ਦ੍ਰਿਸ਼ਟੀਕੋਣ ਅਪਨਾਉਂਦੀਆਂ ਹਨ, ਜਿੱਥੇ ਜਦੋਂ ਦਾਅਵੇਦਾਰ ਪੱਖਪਾਤ ਦਾ ਕੋਈ ਪ੍ਰਮਾਣ ਮੁਹੱਈਆ ਕਰਦਾ ਹੈ, ਤਾਂ ਸਬੰਧਿਤ ਅਦਾਲਤ ਇਹ ਸੂਚਿਤ ਕਰਨ ਲਈ ਕਿ ਪੱਖਪਾਤ ਹੋਇਆ ਹੈ ਜਾਂ ਨਹੀਂ, ਪ੍ਰਤਿਵਾਦੀ ਤੋਂ ਪ੍ਰਮਾਣ ਜਾਂ ਸਫਾਈ ਦੀ ਮੰਗ ਕਰਦੀ ਹੈ। ਸਮਾਨ ਅੰਤਰਰਾਸ਼ਟਰੀ ਨਿਆਂ ਅਧਿਕਾਰਾਂ ਵਿੱਚ, ਦੋਸ਼ ਸਾਬਤ ਕਰਨ ਵਿੱਚ ਅਜਿਹੀ ਬਦਲੀ ਉਹਨਾਂ ਦੇ ਪੱਖਪਾਤ-ਵਿਰੋਧੀ ਵਿਧਾਨ ਵਿੱਚ ਸਪਸ਼ਟ ਰੂਪ ਨਾਲ ਦਿੱਤੀ ਗਈ ਹੈ। ਅੰਤਰਰਾਸ਼ਟਰੀ ਮਨੁੱਖੀ ਹੱਕ ਸੰਸਥਾਵਾਂ ਨੇ ਵੀ ਸਪਸ਼ਟ ਰੂਪ ਨਾਲ ਇਸ ਦ੍ਰਿਸ਼ਟੀਕੋਣ ਦੀ ਸਿਫ਼ਾਰਿਸ਼ ਕੀਤੀ ਹੈ। ਰਾਇ ਜਵਾਬ ਵਿੱਚ, ਕਈ ਸੰਸਥਾਵਾਂ, ਜਿਹਨਾਂ ਨੇ ਪ੍ਰਸਤਾਵ ਲਈ ਸਹਿਮਤੀ ਦਿੱਤੀ ਸੀ, ਨੇ ਇੱਕ ਕਾਰਨ ਦੇ ਤੌਰ ਤੇ ਪੱਖਪਾਤ ਦੇ ਦਾਅਵਿਆਂ ਨੂੰ ਸਾਬਤ ਕਰਨ ਦੀਆਂ ਮੁਸ਼ਕਲਾਂ ਉਜਾਗਰ ਕੀਤੀਆਂ ਹਨ ਕਿ ਸ਼ਰਤਾਂ ਜਿਹੇ ਵਿਧਾਨ ਵਿੱਚ ਇਹ ਸਪਸ਼ਟ ਰੂਪ ਨਾਲ ਸ਼ਾਮਲ ਕਰਨ ਲਈ ਉਚਿਤ ਕਿਉਂ ਹੋਵੇਗਾ।

**ਸਿਫ਼ਾਰਿਸ਼ 21: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਉਚਿਤ ਸ਼ੱਕ ਤੋਂ ਪਰੇ ਪ੍ਰਮਾਣ ਅਤੇ ਸਾਬਤ ਕਰਨ ਦੀਆਂ ਸ਼ਰਤਾਂ ਨੂੰ ਸ਼ਾਮਲ ਕਰਨ ਲਈ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰੇ:**

- **ਉਚਿਤ ਸ਼ੱਕ ਤੋਂ ਪਰੇ ਪ੍ਰਮਾਣ ਦੇ ਸੰਬੰਧ ਵਿੱਚ, ਇਹਨਾਂ ਲਈ ਸੂਚਿਤ ਕਰਨਾ ਚਾਹੀਦਾ ਹੈ ਕਿ ਦਾਅਵੇਦਾਰ ਲਈ ਇਹ ਸਿੱਧ ਕਰਨਾ ਲਾਜ਼ਮੀ ਹੈ ਕਿ ਕਨੂੰਨੀ ਮਾਨਕਾਂ ਤੇ ਪੱਖਪਾਤ ਹੋਇਆ ਸੀ;**
- **ਸਾਬਤ ਕਰਨ ਦੇ ਸੰਬੰਧ ਵਿੱਚ ਇਹਨਾਂ ਲਈ ਸੂਚਿਤ ਕਰਨਾ ਚਾਹੀਦਾ ਹੈ ਕਿ ਦਾਅਵੇਦਾਰ ਲਈ ਤੱਥ ਸਾਬਤ ਕਰਨਾ ਲਾਜ਼ਮੀ ਹੈ, ਜਿਹਨਾਂ ਤੋਂ ਪੱਖਪਾਤ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ ਅਤੇ ਇਹ ਕਿ ਜਦੋਂ ਉਹ ਕਰ ਲੈਣ ਤਾਂ ਇਹ ਦਿਖਾਉਣ ਲਈ ਕਿ ਅਸਲ ਵਿੱਚ ਕੋਈ ਪੱਖਪਾਤ ਨਹੀਂ ਹੋਇਆ ਸੀ, ਸਾਬਤ ਕਰਨ ਦੀ ਜ਼ਿੰਮੇਵਾਰੀ ਪ੍ਰਤਿਵਾਦੀ ਨੂੰ ਦਿੱਤੀ ਜਾਏ।**

(ii) ਅਪ੍ਰਤੱਖ ਪੱਖਪਾਤ ਦੇ ਦਾਅਵਿਆਂ ਵਿੱਚ ਹਰਜਾਨੇ ਦੇਣਾ

3.24 ਵਰਤਮਾਨ ਵਿੱਚ, SDO, FSDO ਅਤੇ RDO ਦੇ ਅਧੀਨ ਅਪ੍ਰਤੱਖ ਪੱਖਪਾਤ ਲਈ ਹਰਜਾਨੇ ਉਹਨਾਂ ਸਥਿਤੀਆਂ ਤੱਕ ਪ੍ਰਤੀਬੰਧਿਤ ਹਨ, ਜਿੱਥੇ ਉੱਤਰਦਾਤਾ ਦਾ ਉਦੇਸ਼ ਦਾਅਵੇਦਾਰ ਨਾਲ ਵਿਪਰੀਤ ਢੰਗ ਨਾਲ ਵਿਵਹਾਰ ਕਰਨਾ ਸੀ। ਇਹ ਪ੍ਰਤਿਬੰਧ DDO ਦੇ ਅਧੀਨ ਲਾਗੂ ਨਹੀਂ ਹੁੰਦਾ ਅਤੇ ਹਰਜਾਨੇ ਦੇਣ ਦੇ ਸੰਬੰਧ ਵਿੱਚ ਸ਼ਰਤਾਂ ਵਿੱਚ ਅੰਤਰਾਲ ਦਾ ਕਾਰਨ ਬਣਦਾ ਹੈ। ਇਹ ਉਚਿਤ ਨਹੀਂ ਹੈ ਕਿਉਂਕਿ ਉਦੇਸ਼ ਪੱਖਪਾਤ ਸਾਬਤ ਕਰਨ ਲਈ ਇੱਕ ਲੋੜੀਂਦਾ ਤੱਤ ਨਹੀਂ ਹੈ। ਕਈ ਸੰਸਥਾਵਾਂ, ਜਿਹਨਾਂ ਨੇ ਰਾਇ ਵਿੱਚ ਪ੍ਰਸਤਾਵ ਲਈ ਸਹਿਮਤੀ ਦਿੱਤੀ, ਉਹਨਾਂ ਨੇ ਵੀ ਧਿਆਨ ਦਵਾਇਆ ਕਿ ਅਪ੍ਰਤੱਖ ਪੱਖਪਾਤ ਲਈ ਹਰਜਾਨੇ ਦੇਣ ਲਈ ਉਦੇਸ਼ ਇੱਕ ਪੂਰਵ-ਸ਼ਰਤ ਨਹੀਂ ਹੋਣਾ ਚਾਹੀਦਾ।

**ਸਿਫ਼ਾਰਿਸ਼ 22: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼, ਪਰਿਵਾਰਕ ਸਥਿਤੀ ਅਧਿਆਦੇਸ਼ ਅਤੇ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਸ਼ਰਤਾਂ ਨੂੰ ਰੱਦ ਕਰੇ, ਜਿਹਨਾਂ ਲਈ ਅਪ੍ਰਤੱਖ ਪੱਖਪਾਤ ਦਾਅਵਿਆਂ ਲਈ ਹਰਜਾਨੇ ਦੇਣ ਲਈ ਪੱਖਪਾਤ ਕਰਨ ਦੇ ਇਰਾਦੇ ਦੇ ਪ੍ਰਮਾਣ ਦੀ ਲੋੜ ਹੁੰਦੀ ਹੈ।**

### *ਭਾਗ 2: ਹੋਰ ਖੋਜ, ਰਾਇ ਅਤੇ ਸਿੱਖਿਆ ਦੀ ਲੋੜ ਵਾਲੀਆਂ ਉੱਚ ਪ੍ਰਥਮਤਾ ਦੀਆਂ ਸਮੱਸਿਆਵਾਂ*

**A. ਸਮਾਨਤਾ ਨੂੰ ਵਧਾਉਣ ਅਤੇ ਮੁੱਖਧਾਰਾ ਵਿੱਚ ਲਿਆਉਣ ਦੀ ਡਿਊਟੀ**

3.25 ਹਾਂਗ ਕਾਂਗ ਦੇ ਮੌਜੂਦਾ ਪੱਖਪਾਤ-ਵਿਰੋਧੀ ਵਿਧਾਨ ਦੀ ਇੱਕ ਬੁਨਿਆਦੀ ਚਿੰਤਾ ਸੰਸਥਾਤਮਕ ਅਤੇ ਸੰਸਥਾਗਤ ਪੱਖਪਾਤ ਜਾਂ ਅਸਮਾਨਤਾਵਾਂ ਤੇ ਧਿਆਨ ਦੇਣ ਦੀ ਬਜਾਏ ਪੱਖਪਾਤ ਦਾਅਵਿਆਂ ਲਈ ਵਿਅਕਤੀਗਤ ਸੁਧਾਰ ਤੇ ਇਸਦਾ ਮੁੱਖ ਫੋਕਸ ਹੈ, ਜਿਵੇਂ ਉਹਨਾਂ ਦੇ ਸਾਰੇ ਕੰਮ ਵਿੱਚ ਸਮਾਨਤਾ ਨੂੰ ਵਧਾਉਣ ਅਤੇ ਪੱਖਪਾਤ ਨੂੰ ਖ਼ਤਮ ਕਰਨ ਲਈ ਸਰਕਾਰ ਅਤੇ ਜਨਤਕ ਅਥਾੱਰਿਟੀਜ ਲਈ ਇੱਕ ਖ਼ਾਸ ਡਿਊਟੀ ਦੀ ਲੋੜ ਹੋਣ ਰਾਹੀਂ। ਹਾਲਾਂਕਿ ਸਰਕਾਰ ਨੇ ਭਿੰਨ ਸਮੂਹਾਂ ਲਈ ਅਸਲੀ ਸਮਾਨਤਾ ਦੇ ਬਿਹਤਰ ਪ੍ਰਸਾਰ ਲਈ ਕਈ ਉਪਾਅ ਕੀਤੇ ਹਨ, ਪਰ EOC ਦਾ ਮੰਨਣਾ ਹੈ ਕਿ ਉਹ ਨਾ ਤਾਂ ਵਿਆਪਕ ਹਨ ਅਤੇ ਨਾ ਹੀ ਕਾਫੀ, ਕਿਉਂਕਿ ਉਹ ਕੇਵਲ ਕੁਝ ਸੁਰੱਖਿਅਤ ਵਿਸ਼ੇਸ਼ਤਾਵਾਂ ਨਾਲ ਹੀ ਸਬੰਧਿਤ ਹਨ ਜਿਵੇਂ ਲਿੰਗ ਜਾਂ ਜਾਤੀ; ਕੇਵਲ ਕੁਝ ਸਰਕਾਰੀ ਸੰਸਥਾਵਾਂ ਅਤੇ ਜਨਤਕ ਅਥਾੱਰਿਟੀਜ ਤੇ ਲਾਗੂ ਹੁੰਦੇ ਹਨ; ਅਤੇ ਉਹਨਾਂ ਦਾ ਕਨੂੰਨੀ ਪ੍ਰਭਾਵ ਨਹੀਂ ਹੁੰਦਾ।

3.26 ਇਸ ਦੌਰਾਨ, ਹਾਂਗ ਕਾਂਗ ਵਿੱਚ ਕਈ ਉਹਨਾਂ ਸਮੂਹਾਂ ਲਈ ਲਗਾਤਾਰ ਸੰਸਥਾਤਮਕ ਅਸਮਾਨਤਾ ਦਾ ਵਿਸਤ੍ਰਿਤ ਪ੍ਰਮਾਣ ਹੈ, ਜਿਹਨਾਂ ਵਿੱਚ ਸ਼ਾਮਲ ਹਨ ਜਾਤੀ ਸੰਬੰਧੀ ਅਲਪ ਸੰਖਿਅਕ ਵਰਗ, ਅਪੰਗ ਵਿਅਕਤੀ ਅਤੇ ਔਰਤਾਂ। ਇਸਤੋਂ ਇਲਾਵਾ, ਅੰਤਰਰਾਸ਼ਟਰੀ ਮਨੁੱਖੀ ਹੱਕ ਬੰਦਸ਼ਾਂ ਦੀ ਸ਼ਰਤ ਹੈ ਕਿ ਨਿਆਂ ਖੇਤਰ ਲਾਭਾਂ ਤੋਂ ਵਾਂਝੇ ਸਮੂਹਾਂ ਲਈ ਅਸਲੀ ਸਮਾਨਤਾ ਪ੍ਰਾਪਤ ਕਰਨ ਲਈ ਕਿਰਿਆਸ਼ੀਲ ਕਦਮ ਚੁੱਕਣ**।** ਕੁਝ ਤੁਲਨਾਤਮਕ ਨਿਆਂ ਖੇਤਰਾਂ ਵਿੱਚ, ਜਿਵੇਂ ਗ੍ਰੇਟ ਬ੍ਰਿਟੇਨ, ਸਮਾਨਤਾ ਨੂੰ ਵਧਾਉਣ ਅਤੇ ਪੱਖਪਾਤ ਨੂੰ ਖ਼ਤਮ ਕਰਨ ਲਈ ਖ਼ਾਸ ਡਿਊਟੀਆਂ ਉਹਨਾਂ ਦੇ ਪੱਖਪਾਤ-ਵਿਰੋਧੀ ਵਿਧਾਨ ਵਿੱਚ ਪੇਸ਼ ਕੀਤੀਆਂ ਗਈਆਂ ਹਨ। EOC ਇਸਤੇ ਤੇ ਵੀ ਧਿਆਨ ਦਿੰਦਾ ਹੈ ਕਿ ਸੰਸਥਾਵਾਂ ਵੱਲੋਂ ਪ੍ਰਸਤਾਵ ਲਈ ਠੋਸ ਸਮਰਥਨ ਦਿੱਤਾ ਗਿਆ ਸੀ, ਖ਼ਾਸ ਕਰਕੇ ਜਾਤੀ ਸੰਬੰਧੀ ਅਲਪ ਸੰਖਿਅਕ ਵਰਗਾਂ ਅਤੇ ਔਰਤਾਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਸੰਸਥਾਵਾਂ ਵੱਲੋਂ।

3.27 EOC ਦਾ ਵਿਚਾਰ ਹੈ ਕਿ ਇੱਕ ਜਨਤਕ ਖੇਤਰ ਸਮਾਨਤਾ ਡਿਊਟੀ ਹੋਣੀ ਚਾਹੀਦੀ ਹੈ। ਇਹ ਦੇਖਦੇ ਹੋਏ ਕਿ ਇਸ ਡਿਊਟੀ ਦਾ ਕਈ ਖੇਤਰਾਂ ਅਤੇ ਵਿਧਾਨ ਦੇ ਖੰਡਾਂ ਵਿੱਚ ਕਾਫੀ ਅਸਰ ਪਵੇਗਾ, EOC ਦਾ ਮੰਨਣਾ ਹੈ ਕਿ ਇਸਨੂੰ ਪੇਸ਼ ਕਰਨ ਦੇ ਪਹਿਲੇ ਚਰਨ ਦੇ ਤੌਰ ਤੇ ਹੋਰ ਖੋਜ ਅਤੇ ਜਨਤਕ ਰਾਇ ਲਾਜ਼ਮੀ ਹੈ। ਇਸ ਵਿੱਚ ਕਈ ਕਾਰਕਾਂ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਡਿਊਟੀ ਦਾ ਖੇਤਰ; ਕਿਹੜੇ ਸਰਕਾਰੀ ਅਫ਼ਸਰ ਅਤੇ ਜਨਤਕ ਅਥਾੱਰਿਟੀਜ ਤੇ ਡਿਊਟੀ ਲਾਗੂ ਹੋਵੇਗੀ; ਕਨੂੰਨੀ ਤਾਮੀਲ ਦੀ ਸੀਮਾ ਅਤੇ ਵਿਧੀ; ਅਤੇ ਡਿਊਟੀ ਅਤੇ ਪ੍ਰਾਪਤੀ ਸੰਬੰਧੀ ਮਾਰਗ ਦਰਸ਼ਨ ਦਾ ਨਿਰੀਖਣ ਕਰਨ ਲਈ EOC ਦੀ ਸੰਭਾਵਿਤ ਭੂਮਿਕਾ।

**<u>ਸਿਫ਼ਾਰਿਸ਼ 23</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਸਮਾਨਤਾ ਨੂੰ ਵਧਾਉਣ ਅਤੇ ਪੱਖਪਾਤ ਨੂੰ ਖ਼ਤਮ ਕਰਨ ਲਈ ਇੱਕ ਜਨਤਕ ਖੇਤਰ ਸਮਾਨਤਾ ਡਿਊਟੀ ਪੇਸ਼ ਕਰਨ ਲਈ ਇੱਕ ਜਨਤਕ ਰਾਏ ਅਤੇ ਖੋਜ ਕਰੇ, ਜੋ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਤੇ ਲਾਗੂ ਹੁੰਦੀ ਹੈ।**

**B. ਰਾਸ਼ਟਰੀਅਤਾ, ਨਾਗਰਿਕਤਾ ਅਤੇ ਨਿਵਾਸ ਸਥਾਨ ਸਥਿਤੀ ਦੇ ਆਧਾਰਾਂ ਤੇ ਪੱਖਪਾਤ ਤੋਂ ਰੱਖਿਆ**

3.28 ਵਰਤਮਾਨ ਵਿੱਚ RDO ਦੇ ਅਧੀਨ ਰਾਸ਼ਟਰੀਅਤਾ, ਨਾਗਰਿਕਤਾ ਜਾਂ ਨਿਵਾਸ ਸਥਾਨ ਸਥਿਤੀ ਦੇ ਆਧਾਰਾਂ ਤੇ ਪੱਖਪਾਤ ਤੋਂ ਕੋਈ ਰੱਖਿਆ ਨਹੀਂ ਹੈ। ਕੁੱਲ ਮਿਲਾ ਕੇ, ਰੱਖਿਆ ਵਿੱਚ ਇੱਕ ਖ਼ਾਸ ਅੰਤਰ ਹੈ, ਜੋ ਬਹੁਤ ਸਾਰੇ ਅਤੇ ਭਿੰਨ ਸਮੂਹਾਂ ਦੇ ਲੋਕਾਂ ਤੇ ਅਸਰ ਪਾਉਂਦਾ ਹੈ, ਕਿਉਂਕਿ ਹਾਂਗ ਕਾਂਗ ਵਿੱਚ ਬਹੁਤ ਵੱਡਾ ਪ੍ਰਮਾਣ ਹੈ ਕਿ ਕਈ ਅਜਿਹੀਆਂ ਸਥਿਤੀਆਂ ਹਨ, ਜਿੱਥੇ ਜਾਤੀ ਸੰਬੰਧੀ ਭਿੰਨ ਸਮੂਹ ਰਾਸ਼ਟਰੀਅਤਾ, ਨਾਗਰਿਕਤਾ ਜਾਂ ਨਿਵਾਸ ਸਥਾਨ ਸਥਿਤੀ ਦੇ ਆਧਾਰਾਂ ਤੇ ਪੱਖਪਾਤ ਦਾ ਸਾਹਮਣਾ ਕਰਦੇ ਹਨ। ਅਜਿਹੀ ਰੱਖਿਆ ਦੀ ਘਾਟ ਅੰਤਰਰਾਸ਼ਟਰੀ ਹੱਕ ਬੰਦਸ਼ਾਂ ਦੇ ਅਨੁਕੂਲ ਨਹੀਂ ਹੈ ਅਤੇ ਕਈ ਸੰਯੁਕਤ ਰਾਸ਼ਟਰ ਸੰਸਥਾਵਾਂ ਨੇ ਸਰਕਾਰ ਨੂੰ ਇਹ ਰੱਖਿਆ ਵਧਾਉਣ ਦੀਆਂ ਸਿਫ਼ਾਰਿਸ਼ਾਂ ਕੀਤੀਆਂ ਹਨ। ਕੁਝ ਸਮਾਨ ਅੰਤਰਰਾਸ਼ਟਰੀ ਨਿਆਂ ਅਧਿਕਾਰ ਪੱਖਪਾਤ ਤੋਂ ਸਮਾਨ ਰੱਖਿਆ ਮੁਹੱਈਆ ਕਰਦੇ ਹਨ।

3.29 EOC ਇਸਤੇ ਵੀ ਧਿਆਨ ਦਿੰਦਾ ਹੈ ਕਿ ਰਾਸ਼ਟਰੀਅਤਾ ਅਤੇ ਨਾਗਰਿਕਤਾ ਦੇ ਆਧਾਰ ਨਿਵਾਸ ਸਥਾਨ ਸਥਿਤੀ ਤੋਂ ਭਿੰਨ ਚਿੰਤਾਵਾਂ ਪ੍ਰਗਟ ਕਰਦੇ ਹਨ ਅਤੇ ਇਹਨਾਂ ਤੇ ਵੱਖਰੇ ਤੌਰ ਤੇ ਧਿਆਨ ਦਿੰਦਾ ਹੈ।

(i) ਰਾਸ਼ਟਰੀਅਤਾ ਅਤੇ ਨਾਗਰਿਕਤਾ

3.30 ਰਾਸ਼ਟਰੀਅਤਾ ਅਤੇ ਨਾਗਰਿਕਤਾ ਦੇ ਆਧਾਰਾਂ ਦੇ ਸੰਬੰਧ ਵਿੱਚ, EOC ਦਾ ਮੰਨਣਾ ਹੈ ਕਿ ਹਾਂਗ ਕਾਂਗ ਦੀਆਂ ਅੰਤਰਰਾਸ਼ਟਰੀ ਮਨੁੱਖੀ ਹੱਕਾਂ ਦੀਆਂ ਬੰਦਸ਼ਾਂ ਦੀ ਰੋਸ਼ਨੀ ਵਿੱਚ, ਇਹਨਾਂ ਆਧਾਰਾਂ ਤੇ ਪੱਖਪਾਤ ਤੋਂ ਰੱਖਿਆ ਪੇਸ਼ ਕਰਨ ਲਈ ਕਾਫੀ ਨਿਆਂ ਅਧਿਕਾਰ ਹਨ; ਇਹ ਤੱਥ ਕਿ ਰਾਸ਼ਟਰੀਅਤਾ ਅਤੇ ਨਾਗਰਿਕਤਾ ਦੇ ਆਧਾਰਾਂ ਤੇ ਪੱਖਪਾਤ ਜਾਤੀ ਸੰਬੰਧੀ ਪੱਖਪਾਤ ਨਾਲ ਸਬੰਧਿਤ ਹੈ; ਅਤੇ ਹਾਂਗ ਕਾਂਗ ਵਿੱਚ ਅਜਿਹੇ ਪੱਖਪਾਤ ਦਾ ਪ੍ਰਮਾਣ। ਇਹ ਧਿਆਨਯੋਗ ਹੈ ਕਿ ਇਸ ਖੇਤਰ ਵਿੱਚ EOC ਦੇ ਪ੍ਰਸਤਾਵਾਂ ਲਈ ਸੰਸਥਾਵਾਂ ਵੱਲੋਂ ਜ਼ੋਰਦਾਰ ਸਮਰਥਨ ਪ੍ਰਾਪਤ ਹੋਇਆ ਸੀ, ਖ਼ਾਸ ਕਰਕੇ ਪਨਾਹ ਦੀ ਖੋਜ ਕਰਨ ਵਾਲੇ ਵਿਅਕਤੀਆਂ ਅਤੇ ਸ਼ਰਨਾਰਥੀਆਂ ਸਮੇਤ ਜਾਤੀ ਸੰਬੰਧੀ ਅਲਪ ਸੰਖਿਅਕ ਵਰਗਾਂ ਨਾਲ, ਮਨੁੱਖੀ ਹੱਕਾਂ ਤੇ ਕੰਮ ਕਰਨ ਵਾਲੇ NGO ਤੋਂ, ਇਸਦੇ ਨਾਲ ਹੀ ਔਰਤਾਂ ਲਈ ਕੰਮ ਕਰਨ ਵਾਲੇ NGO ਤੋਂ। ਇਹਨਾਂ ਵਿੱਚੋਂ ਕਈ ਜਵਾਬਾਂ ਵਿੱਚ ਹਾਂਗ ਕਾਂਗ ਦੇ ਅੰਤਰਰਾਸ਼ਟਰੀ ਮਨੁੱਖੀ ਹੱਕਾਂ ਦੀਆਂ ਬੰਦਸ਼ਾਂ ਦਾ ਹਵਾਲਾ ਦਿੱਤਾ ਗਿਆ ਅਤੇ ਪੱਖਪਾਤ ਦੇ ਪ੍ਰਮਾਣ ਦੇ ਹਵਾਲੇ ਦਿੱਤੇ। ਬੈਂਕਿੰਗ ਸੈਕਟਰ ਸਮੇਤ ਸੰਸਥਾਵਾਂ ਵੱਲੋਂ ਪ੍ਰਸਤਾਵਾਂ ਲਈ ਕਈ ਢੁਕਵੀਆਂ ਚਿੰਤਾਵਾਂ ਵੀ ਪ੍ਰਗਟ ਕੀਤੀਆਂ ਗਈਆਂ ਸਨ। EOC ਦਾ ਮੰਨਣਾ ਹੈ ਕਿ ਇਹਨਾਂ ਚਿੰਤਾਵਾਂ ਤੇ ਭਿੰਨ ਤਰੀਕਿਆਂ ਨਾਲ ਪੂਰੀ ਤਰ੍ਹਾਂ ਧਿਆਨ ਦਿੱਤਾ ਜਾ ਸਕਦਾ ਹੈ, ਪੱਖਪਾਤ ਦੀ ਅਨੁਮਤੀ ਦੇਣ ਵਾਲੀਆਂ ਢੁਕਵੀਆਂ ਛੋਟਾਂ ਸ਼ਾਮਲ ਕਰਨ ਰਾਹੀਂ, ਜਿੱਥੇ ਉਹ ਵਿਧਾਨਕ ਉਦੇਸ਼ ਨੂੰ ਪੂਰਾ ਕਰਦੀਆਂ ਹਨ ਅਤੇ ਸੰਤੁਲਿਤ ਹੋਣ।

**ਸਿਫ਼ਾਰਿਸ਼ 24: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਨੂੰ ਇੱਕ ਜਨਤਕ ਰਾਇ ਲੈਣੀ ਚਾਹੀਦੀ ਹੈ ਅਤੇ ਫਿਰ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਰਾਸ਼ਟਰੀਅਤਾ ਅਤੇ ਨਾਗਰਿਕਤਾ ਦੇ ਆਧਾਰਾਂ ਤੋਂ ਰੱਖਿਆ ਪੇਸ਼ ਕਰਨੀ ਚਾਹੀਦੀ ਹੈ। ਰਾਇ ਵਿੱਚ ਸਬੰਧਿਤ ਸਮੱਸਿਆਵਾਂ ਤੇ ਵਿਚਾਰ ਕਰਨਾ ਚਾਹੀਦਾ ਹੈ, ਜਿਵੇਂ ਰਾਸ਼ਟਰੀਅਤਾ ਅਤੇ ਨਾਗਰਿਕਤਾ ਨੂੰ ਕਿਵੇਂ ਪਰਿਭਾਸ਼ਤ ਕੀਤਾ ਜਾਂਦਾ ਹੈ, ਰਾਸ਼ਟਰੀਅਤਾ ਅਤੇ ਨਾਗਰਿਕਤਾ ਦੇ ਸੰਬੰਧ ਵਿੱਚ ਕਿਹੜੀਆਂ ਛੋਟਾਂ, ਰੱਖਣ, ਰੱਦ ਕਰਨ ਜਾਂ ਪੇਸ਼ ਕਰਨ ਲਈ ਢੁਕਵੀਆਂ ਹੋ ਸਕਦੀਆਂ ਹਨ।**

(ii) ਮੇਨਲੈਂਡ ਚੀਨੀ ਸਮੇਤ ਨਿਵਾਸ ਸਥਾਨ ਸਥਿਤੀ

3.31 ਹਾਂਗ ਕਾਂਗ ਵਿੱਚ ਨਿਵਾਸ ਸਥਾਨ ਸਥਿਤੀ ਦੇ ਸੰਬੰਧ ਵਿੱਚ, EOC ਦਾ ਮੰਨਣਾ ਹੈ ਕਿ ਅਜਿਹੇ ਆਧਾਰਾਂ ਤੇ ਪੱਖਪਾਤ ਤੋਂ ਰੱਖਿਆ ਹੋਣੀ ਚਾਹੀਦੀ ਹੈ। ਇਹ ਰੱਖਿਆ ਸਾਰੇ ਵਿਅਕਤੀਆਂ ਤੇ ਉਹਨਾਂ ਦੀ ਨਿਵਾਸ ਸਥਾਨ ਸਥਿਤੀ ਦੇ ਆਧਾਰ ਤੇ ਲਾਗੂ ਹੋਵੇਗੀ, ਕੇਵਲ ਮੇਨਲੈਂਡ ਚੀਨੀ ਦੇ ਆਧਾਰ ਤੇ ਨਹੀਂ। EOC ਇਸਤੇ ਧਿਆਨ ਦਿੰਦਾ ਹੈ ਕਿ ਭਿੰਨ ਸਮੂਹਾਂ ਵੱਲੋਂ ਸਾਹਮਣਾ ਕੀਤੇ ਇਸ ਆਧਾਰ ਤੇ ਪੱਖਪਾਤ ਦਾ ਬੱਧ ਕਰਨ ਵਾਲਾ ਪ੍ਰਮਾਣ ਹੈ, ਨਵੇਂ ਪ੍ਰਵਾਸੀਆਂ ਦੇ ਨਾਲ-ਨਾਲ ਪਨਾਹ ਦੀ ਖੋਜ ਕਰਨ ਵਾਲੇ ਵਿਅਕਤੀਆਂ ਅਤੇ ਹੋਰ ਰੱਖਿਆ ਦਾਅਵੇਦਾਰਾਂ ਸਮੇਤ। ਟੂਰਿਜ਼ਮ ਖੇਤਰ ਵਿੱਚ ਸੰਸਥਾਵਾਂ ਵੱਲੋਂ ਪ੍ਰਸਤਾਵਾਂ ਲਈ ਕਈ ਢੁਕਵੀਆਂ ਚਿੰਤਾਵਾਂ ਵੀ ਪ੍ਰਗਟ ਕੀਤੀਆਂ ਗਈਆਂ ਸਨ ।

3.32 ਫਿਰ ਵੀ, EOC ਵੀ ਸਵੀਕਾਰ ਕਰਦਾ ਹੈ ਕਿ ਕੁਝ ਸਥਿਤੀਆਂ ਵਿੱਚ ਹਾਂਗ ਕਾਂਗ ਵਿੱਚ ਲੋਕਾਂ ਨਾਲ ਉਹਨਾਂ ਦੀ ਨਿਵਾਸ ਸਥਾਨ ਸਥਿਤੀ ਦੇ ਆਧਾਰ ਤੇ ਵੱਖਰੇ ਤੌਰ ਤੇ ਵਿਵਹਾਰ ਕਰਨਾ ਉਚਿਤ ਹੈ, ਜਿਵੇਂ ਰਾਜਨੀਤਿਕ ਹੱਕ ਦੇਣ ਵਿੱਚ ਜਾਂ ਜਨਤਕ ਸੇਵਾਵਾਂ ਜਾਂ ਵਸੀਲਿਆਂ ਲਈ ਪਾਤਰਤਾ ਮਾਪਦੰਡ ਨਿਰਧਾਰਤ ਕਰਨਾ। ਅਜਿਹੀਆਂ ਸਥਿਤੀਆਂ ਵਿੱਚ ਹਰੇਕ ਮਾਮਲੇ ਦੀਆਂ ਖ਼ਾਸ ਸਥਿਤੀਆਂ ਤੇ ਵਿਚਾਰ ਕਰਨਾ ਲਾਜ਼ਮੀ ਹੈ, ਇਸ ਸਮੇਤ ਕਿ ਕੋਈ ਪੱਖਪਾਤੀ ਪ੍ਰਭਾਵ ਵਿਧਾਨਕ ਉਦੇਸ਼ ਲਈ ਸੀ ਅਤੇ ਸੰਤੁਲਿਤ ਸੀ ਜਾਂ ਨਹੀਂ।

3.33 EOC ਪ੍ਰਗਟਾਉ ਦੀ ਸੁਤੰਤਰਤਾ ਸਮੇਤ, ਇਸ ਸਮੱਸਿਆ ਅਤੇ ਮੇਨਲੈਂਡ ਚੀਨੀ ਦੇ ਸੰਬੰਧ ਵਿਚ ਜਨਤਕ ਰਾਇ ਦੇ ਦੌਰਾਨ ਉਜਾਗਰ ਕੀਤੀਆਂ ਜ਼ੋਰਦਾਰ ਚਿੰਤਾਵਾਂ ਤੇ ਧਿਆਨ ਦਿੰਦਾ ਹੈ, ਜੋ RDO ਦੇ ਮੌਜੂਦਾ ਰੱਖਿਆ ਦੇ ਖੇਤਰ ਦੀ ਗ਼ਲਤ ਵਿਆਖਿਆ ਦੁਆਰਾ ਜਾਂ EOC ਦੇ ਕਨੂੰਨੀ ਪ੍ਰਸਤਾਵਾਂ ਦੇ ਕਨੂੰਨੀ ਪ੍ਰਭਾਵ ਦੁਆਰਾ ਪੈਦ ਹੋ ਸਕਦੀਆਂ ਹਨ। ਉਦਾਹਰਨ ਲਈ, EOC ਦਾ ਵਿਚਾਰ ਹੈ ਕਿ ਜਾਤੀ-ਵਿਚਕਾਰ ਪੱਖਪਾਤ ਦੀਆਂ ਕੁਝ ਸਥਿਤੀਆਂ (ਜਿੱਥੇ ਕੋਈ ਵਿਅਕਤੀ ਆਪਣੀ ਖ਼ੁਦ ਦੀ ਜਾਤੀ ਦੇ ਕਿਸੇ ਵਿਅਕਤੀ ਨਾਲ ਦੂਜੀ ਜਾਤੀ ਦੇ ਕਿਸੇ ਵਿਅਕਤੀ ਦੇ ਮੁਕਾਬਲੇ ਘੱਟ ਅਨੁਕੂਲ ਵਿਵਹਾਰ ਕਰਦਾ ਹੈ) ਪਹਿਲਾਂ ਹੀ RDO ਦੇ ਅਧੀਨ ਵਰਜਿਤ ਹਨ, ਜੇਕਰ ਜਾਤੀ ਵਿਵਹਾਰ ਦਾ ਕਾਰਨ ਸੀ। ਇਸ ਗੱਲ ਤੇ ਜ਼ੋਰ ਦੇਣਾ ਲਾਜ਼ਮੀ ਹੈ ਕਿ EOC ਦਾ ਮੰਨਣਾ ਹੈ ਕਿ ਇਹਨਾਂ ਚਿੰਤਾਵਾਂ ਤੇ ਵਿਧਾਨ ਵਿੱਚ ਪੂਰੀ ਤਰ੍ਹਾਂ ਧਿਆਨ ਦਿੱਤਾ ਜਾ ਸਕਦਾ ਹੈ। ਅਸਲ ਵਿੱਚ, RDO ਦੇ ਮੌਜੂਦਾ ਢਾਂਚੇ ਪਹਿਲਾਂ ਹੀ ਅਜਿਹਾ ਕਰਦੇ ਹਨ ਅਤੇ ਸੋਧ ਦੀ ਸਥਿਤੀ ਵਿੱਚ, ਉਹਨਾਂ ਸਥਿਤੀਆਂ ਤੇ ਧਿਆਨ ਦੇ ਸਕਦੇ ਹਨ, ਜਿੱਥੇ ਇਹ ਨਿਵਾਸ ਸਥਾਨ ਦੇ ਆਧਾਰਾਂ ਤੇ ਪੱਖਪਾਤ ਹੋਣਾ ਕਨੂੰਨੀ ਹੋਵੇਗਾ। ਹੋਰ ਚਿੰਤਾਵਾਂ ਨੂੰ ਵੀ ਭਿੰਨ ਤਰੀਕਿਆਂ ਨਾਲ ਨਿਬੇੜਿਆ ਜਾ ਸਕਦਾ ਹੈ, ਉਚਿਤ ਛੋਟਾਂ ਰਾਹੀਂ ਨਿਬੇੜਨ ਸਮੇਤ।

**ਸਿਫ਼ਾਰਿਸ਼ 25: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇੱਕ ਜਨਤਕ ਰਾਇ ਲਵੇ ਅਤੇ ਫਿਰ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਹਾਂਗ ਕਾਂਗ ਵਿੱਚ ਨਿਵਾਸ ਸਥਾਨ ਸਥਿਤੀ ਦੇ ਆਧਾਰਾਂ ਤੇ ਪੱਖਪਾਤ ਤੋਂ ਰੱਖਿਆ ਪੇਸ਼ ਕਰੇ। ਰਾਇ ਵਿੱਚ ਰੱਖਿਆ ਦੇ ਸੰਭਾਵਿਤ ਖੇਤਰਾਂ ਸਮੇਤ ਸਾਰੀਆਂ ਸਬੰਧਿਤ ਸਮੱਸਿਆਵਾਂ ਤੇ ਵਿਚਾਰ ਕਰਨਾ ਚਾਹੀਦਾ ਹੈ, ਜਿੱਥੇ ਨਿਵਾਸ ਸਥਾਨ ਸਥਿਤੀ ਸੰਬੰਧੀ ਮੌਜੂਦਾ ਛੋਟਾਂ ਨੂੰ ਰੱਦ ਕੀਤਾ ਜਾਂ ਸੋਧਿਆ ਜਾਣਾ ਚਾਹੀਦਾ ਹੈ ਅਤੇ ਕੋਈ ਹੋਰ ਖ਼ਾਸ ਛੋਟਾਂ ਉਚਿਤ ਹੋ ਸਕਦੀਆਂ ਹਨ ਜਾਂ ਨਹੀਂ। ਅੱਗੇ ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਅਤੇ EOC ਨੂੰ RDO ਦੇ ਇਸਤੇਮਾਲ ਅਤੇ ਨਿਵਾਸ ਸਥਾਨ ਸਥਿਤੀ ਸੰਬੰਧੀ ਰੱਖਿਆ ਦਾ ਕੀ ਪ੍ਰਭਾਵ ਹੋਵੇਗਾ, ਇਸ ਬਾਰੇ ਬਿਹਤਰ ਸਮਝ ਨੂੰ ਵਧਾਉਣਾ ਚਾਹੀਦਾ ਹੈ।**

### C. ਸਹਿਵਾਸ ਸੰਬੰਧਾਂ ਦੇ ਸੰਦਰਭ ਵਿੱਚ ਪਰਿਵਾਰਾਂ ਲਈ ਸਮਾਨਤਾ

(i) ਵਿਵਾਹਕ ਸਥਿਤੀ ਪੱਖਪਾਤ ਤੋਂ ਰੱਖਿਆ: ਸਹਿਵਾਸ ਸੰਬੰਧ

3.34 ਵਰਤਮਾਨ ਵਿੱਚ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ, ਸਹਿਵਾਸ ਸੰਬੰਧ ਵਿੱਚ ਰਹਿਣ ਵਾਲੇ ਉਹਨਾਂ ਵਿਅਕਤੀਆਂ ਲਈ ਪੱਖਪਾਤ ਤੋਂ ਕੋਈ ਉਚੇਚੀ ਰੱਖਿਆ ਨਹੀਂ ਹੈ, ਜੋ ਵਿਵਾਹਕ ਨਹੀਂ ਹਨ, ਭਾਵੇਂ ਇਹ ਵਿਪਰੀਤ ਲਿੰਗ ਕਾਮੀ ਜਾਂ ਸਮਲਿੰਗਕਾਮੀ ਜੋੜੇ ਹੋਣ। ਹਾਂਗ ਕਾਂਗ ਵਿੱਚ ਇਸ ਸਮੇਂ ਸਹਿਵਾਸ ਸੰਬੰਧਾਂ ਵਿਚਲੇ ਜੋੜਿਆਂ ਦੀ ਕਨੂੰਨੀ ਪਛਾਣ ਦੀ ਵੀ ਕੋਈ ਪ੍ਰਣਾਲੀ ਨਹੀਂ ਹੈ।

3.35 ਸਹਿਵਾਸ ਸੰਬੰਧਾਂ ਵਿੱਚ ਜੋੜਿਆਂ ਦੀ ਕਨੂੰਨੀ ਪਛਾਣ ਦੀ ਘਾਟ ਅਤੇ ਸਬੰਧਿਤ ਵਿਧਾਨ ਅਤੇ ਨੀਤੀਆਂ ਦੇ ਅਸਰ ਦਾ ਭਾਵ ਇਹ ਹੈ ਕਿ ਉਹ ਜੀਵਨ ਤੇ ਕਈ ਪੱਖਾਂ ਵਿੱਚ ਪੱਖਪਾਤ ਦਾ ਸਾਹਮਣਾ ਕਰਦੇ ਹਨ, ਰੁਜ਼ਗਾਰ ਲਾਭ, ਕਰ ਭੁਗਤਾਨ, ਅਪ੍ਰਵਾਸੀ ਹੱਕ, ਜਨਤਕ ਹਾਉਸਿੰਗ, ਵਿਰਸਾ ਅਤੇ ਪਰਿਵਾਰਿਕ ਹੱਕਾਂ ਸਮੇਤ। ਇਸ ਦੌਰਾਨ, ਇਹ ਦੇਖਦੇ ਹੋਏ ਕਿ ਹਾਂਗ ਕਾਂਗ ਵਿੱਚ ਪਰਿਵਾਰਾਂ ਦੇ ਢਾਂਚਿਆਂ ਅਤੇ ਸਹਿਵਾਸ ਸੰਬੰਧਾਂ ਵਿੱਚ ਰਹਿਣ ਵਾਲੇ ਵੱਧ ਜੋੜਿਆਂ ਨਾਲ, ਭਿੰਨ ਪ੍ਰਕਾਰ ਦੇ ਪਰਿਵਾਰਾਂ ਦੇ ਪ੍ਰਤੀ ਲੋਕਾਂ ਦੇ ਰਵੱਈਏ ਪ੍ਰਗਟ ਹੋ ਰਹੇ ਹਨ, ਵੱਧ ਲੋਕਾਂ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੋਵੇਗੀ।

3.36 ਹਾਂਗ ਕਾਂਗ ਵਿੱਚ ਵਿਵਾਹਕ ਜਾਂ ਸੰਬੰਧ ਸਥਿਤੀ, ਜਿਸ ਵਿੱਚ ਉਹ ਜੋੜੇ ਸ਼ਾਮਲ ਹਨ, ਜੋ ਰਿਸ਼ਤੇ ਵਿੱਚ ਹਨ ਪਰੰਤੂ ਵਿਵਾਹਕ ਨਹੀਂ ਹਨ, ਦੇ ਆਧਾਰਾਂ ਤੇ ਪੱਖਪਾਤ ਤੋਂ ਲੋਕਾਂ ਦੀ ਰੱਖਿਆ ਲਈ ਸਥਿਤੀ ਅੰਤਰਰਾਸ਼ਟਰੀ ਅਤੇ ਸੰਭਵ ਤੌਰ ਤੇ ਸਥਾਨਕ ਮਨੁੱਖੀ ਹੱਕ ਬੰਦਸ਼ਾਂ ਦੇ ਅਨੁਸਾਰ ਨਹੀਂ ਹੈ। ਸਮਾਨ ਅੰਤਰਰਾਸ਼ਟਰੀ ਨਿਆਂ ਅਧਿਕਾਰ ਪੱਖਪਾਤ ਤੋਂ ਰੱਖਿਆ ਮੁਹੱਈਆ ਕਰਦੇ ਹਨ ਅਤੇ ਸਹਿਵਾਸ ਸੰਬੰਧੀ ਨੂੰ ਕਨੂੰਨੀ ਮਾਨਤਾ ਦਿੰਦੇ ਹਨ। ਇਹ ਵੀ ਧਿਆਨਯੋਗ ਹੈ ਕਿ ਹਾਲੀਆ ਵਿਕਾਸ ਨੇ ਅਜਿਹੀਆਂ ਸਥਿਤੀਆਂ ਪੈਦਾ ਕੀਤੀਆਂ ਹਨ, ਜਿੱਥੇ ਹਾਂਗ ਕਾਂਗ ਦਾ ਵਿਧਾਨ ਸਹਿਵਾਸ ਸੰਬੰਧਾਂ ਨੂੰ ਮਾਨਤਾ ਨਹੀਂ ਦਿੰਦਾ, ਜਿਵੇਂ ਘਰੇਲੂ ਹਿੰਸਾ ਤੋਂ ਰੱਖਿਆ ਵਿੱਚ ਅਤੇ ਸਾਥੀ ਦੇ ਵੱਲੋਂ ਚਿਕਿਤਸਾ ਇਲਾਜ ਸੰਬੰਧੀ ਫੈਸਲੇ ਕਰਨ ਵਿੱਚ।

3.37 EOC ਇਸਤੇ ਧਿਆਨ ਦਿੰਦਾ ਹੈ ਕਿ ਜਨਤਕ ਰਾਇ ਵਿੱਚ ਦੋਵਾਂ ਸੰਸਥਾਵਾਂ, ਧਾਰਮਿਕ ਸੰਸਥਾਵਾਂ ਅਤੇ ਮਾਲਕ ਸਮੂਹਾਂ ਸਮੇਤ ਅਤੇ ਵਿਅਕਤੀਆਂ ਵੱਲੋਂ ਇਸ ਸਮੱਸਿਆ ਤੇ ਜ਼ੋਰਦਾਰ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਸਨ। ਖ਼ਾਸ ਕਰਕੇ, EOC ਧਰਮ ਦੀ ਸੁਤੰਤਰਤਾ ਦੇ ਉਹਨਾਂ ਦੇ ਹੱਕ ਦੇ ਸੰਬੰਧ ਵਿੱਚ ਸਹਿਵਾਸ ਸੰਬੰਧਾਂ ਦੀ ਪਛਾਣ ਦੇ ਸੰਬੰਧ ਵਿੱਚ ਧਾਰਮਿਕ ਸਮੂਹਾਂ ਅਤੇ ਸੰਸਥਾਵਾਂ ਦੀਆਂ ਚਿੰਤਾਵਾਂ ਤੇ ਧਿਆਨ ਦੇਣ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਸਮਝਦਾ ਹੈ। ਇਹਨਾਂ ਸਮੱਸਿਆਵਾਂ ਤੇ ਪੱਖਪਾਤ ਤੋਂ ਸੰਭਾਵਿਤ ਰੱਖਿਆ ਅਤੇ ਸਹਿਵਾਸ ਸੰਬੰਧਾਂ ਦੀ ਪਛਾਣ ਤੇ ਵਿਚਾਰ ਕਰਦੇ ਸਮੇਂ ਪੂਰਾ ਧਿਆਨ ਦਿੱਤੇ ਜਾਣ ਦੀ ਲੋੜ ਹੈ। EOC ਦਾ ਮੰਨਣਾ ਹੈ ਕਿ ਭਿੰਨ ਸਮੂਹਾਂ ਦੇ ਹੱਕਾਂ ਵਿਚਕਾਰ ਵਿਧਾਨ ਵਿੱਚ ਉਚਿਤ ਸੰਤੁਲਨ ਪ੍ਰਾਪਤ ਕੀਤਾ ਜਾ ਸਕਦਾ ਹੈ, ਢੁਕਵੀਆਂ ਪਰਿਭਾਸ਼ਾਵਾਂ ਅਤੇ ਉਚਿਤ ਛੋਟਾਂ ਰਾਹੀਂ ਕਰਨ ਸਮੇਤ।

3.38 ਸਧਾਰਨ ਤੌਰ ਤੇ, EOC ਮੰਨਦਾ ਹੈ ਕਿ ਸਹਿਵਾਸ ਸੰਬੰਧਾਂ ਵਿੱਚ ਹੋਣ ਵਾਲੇ ਵਿਅਕਤੀਆਂ ਦੀ SDO ਦੇ ਅਧੀਨ ਵਿਵਾਹਕ ਸਥਿਤੀ ਦੇ ਆਧਾਰਾਂ ਤੇ ਪੱਖਪਾਤ ਤੋਂ ਰੱਖਿਆ ਹੋਣੀ ਚਾਹੀਦੀ ਹੈ। ਹਾਲਾਂਕਿ, ਇਹ ਸਮੱਸਿਆ ਕੇਵਲ ਪੱਖਪਾਤ-ਵਿਰੋਧੀ ਵਿਧਾਨ ਤੋਂ ਕਾਫੀ ਜ਼ਿਆਦਾ ਵੱਡੀ ਹੈ, ਇਹ ਦੇਖਦੇ ਹੋਏ ਕਿ ਸੰਬੰਧ ਪਛਾਣ ਦੀ ਘਾਟ ਨੇ ਵਿਧਾਨ ਅਤੇ ਨੀਤੀਆਂ ਦੇ ਕਈ ਖੰਡਾਂ ਨੂੰ ਪ੍ਰਭਾਵਿਤ ਕੀਤਾ ਹੈ। ਸਹਿਵਾਸ ਸੰਬੰਧਾਂ ਵਿੱਚ ਹੋਣ ਵਾਲੇ ਵਿਅਕਤੀ ਦੀ ਪੱਖਪਾਤ-ਵਿਰੋਧੀ ਰੱਖਿਆ ਵਿਆਪਕ, ਅਨੁਕੂਲ ਅਤੇ ਅਸਰਦਾਰ ਹੋਣ ਲਈ, EOC ਇਹ ਵੀ ਮੰਨਦਾ ਹੈ ਕਿ ਹਾਂਗ ਕਾਂਗ ਵਿੱਚ ਸਹਿਵਾਸ ਸੰਬੰਧਾਂ ਨੂੰ ਕਨੂੰਨੀ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ।

**<u>ਸਿਫ਼ਾਰਿਸ਼ 26</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਹਾਂਗ ਕਾਂਗ ਵਿੱਚ ਪੱਖਪਾਤ ਦੀਆਂ ਸਮੱਸਿਆਵਾਂ ਅਤੇ ਵਿਪਰੀਤ ਲਿੰਗ ਕਾਮੀ ਅਤੇ ਸਮਲਿੰਗਕਾਮੀ ਸਹਿਵਾਸ ਸੰਬੰਧਾਂ ਦੀ ਸੰਭਵ ਕਨੂੰਨੀ ਮਾਨਤਾ ਦੀ ਸਬੰਧਿਤ ਸਮੱਸਿਆ ਤੇ ਵਿਆਪਕ ਖੋਜ ਕਰੇ ਅਤੇ ਜਨਤਕ ਰਾਇ ਲਵੇ, ਜਿਹਨਾਂ ਵਿੱਚ ਸਹਿਵਾਸ ਸੰਬੰਧ ਅਤੇ ਵਿਦੇਸ਼ ਤੋਂ ਸਮਲਿੰਗੀ ਵਿਆਹ ਸ਼ਾਮਲ ਹਨ।**

**ਰਾਇ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ:**

- **ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਵਿਵਾਹਕ ਸਥਿਤੀ ਰੱਖਿਆ ਦੇ ਸੰਬੰਧ ਵਿੱਚ ਸਹਿਵਾਸ ਸੰਬੰਧਾਂ ਵਿੱਚ ਹੋਣ ਵਾਲੇ ਵਿਅਕਤੀਆਂ ਲਈ ਪੱਖਪਾਤ ਤੋਂ ਸੁਰੱਖਿਆ ਮੁਹੱਈਆ ਕਰਨ ਤੇ ਸਲਾਹ, ਖ਼ਾਸ ਛੋਟਾਂ ਨੂੰ ਸੰਭਾਵਿਤ ਰੂਪ ਨਾਲ ਰੱਦ ਕਰਨ, ਸੋਧ ਕਰਨ ਜਾਂ ਕੁਝ ਜੋੜਨ ਸਮੇਤ;**
- **ਇਸ ਬਾਰੇ ਕਿ ਉਹਨਾਂ ਵਿੱਚ ਸੁਧਾਰ ਕਰਨਾ ਉਚਿਤ ਹੈ ਜਾਂ ਨਹੀਂ, ਸਾਰੇ ਹੋਰ ਸੰਭਾਵਿਤ ਪੱਖਪਾਤੀ ਵਿਧਾਨ ਅਤੇ ਨੀਤੀਆਂ ਤੇ ਵਿਚਾਰ ਕਰਨਾ;**
- **ਅਜਿਹੇ ਸੰਬੰਧਾਂ ਨੂੰ ਮਾਨਤਾ ਦੇਣ ਦੀਆਂ ਸੰਭਾਵਿਤ ਭਿੰਨ ਵਿਧੀਆਂ ਤੇ ਵਿਚਾਰ ਕਰਨਾ, ਵਿਪਰੀਤ ਲਿੰਗ ਕਾਮੀ ਅਤੇ ਸਮਲਿੰਗਕਾਮੀ ਸੰਬੰਧਾਂ ਨੂੰ ਸ਼ਾਮਲ ਕਰਨ ਸਮੇਤ।**

(ii) <u>ਵਿਵਾਹਕ ਸਥਿਤੀ ਪੱਖਪਾਤ ਤੋਂ ਰੱਖਿਆ: ਸਹਿਵਾਸ ਸੰਬੰਧ</u>

3.39 ਵਰਤਮਾਨ ਵਿੱਚ ਪਰਿਵਾਰਕ ਸਥਿਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਸਹਿਵਾਸ ਸੰਬੰਧਾਂ ਵਿੱਚ ਹੋਣ ਵਾਲੇ ਵਿਅਕਤੀਆਂ ਲਈ ਪੱਖਪਾਤ ਤੋਂ ਕੋਈ ਰੱਖਿਆ ਨਹੀਂ ਹੈ, ਜਿੱਥੇ ਉਹ ਇੱਕ ਸਗੇ ਪਰਿਵਾਰਕ ਮੈਂਬਰ ਦੀ ਦੇਖਭਾਲ ਕਰਦੇ ਹਨ ਜਿਵੇਂ ਉਹਨਾਂ ਦਾ ਸਾਥੀ। ਪਿਛਲੇ ਰਿਸ਼ਤਿਆਂ ਦੇ ਸੰਬੰਧ ਵਿੱਚ, ਪੱਖਪਾਤ ਤੋਂ ਕੋਈ ਰੱਖਿਆ ਨਹੀਂ ਹੈ, ਜਿੱਥੇ ਵਿਅਕਤੀ ਪਿਛਲੇ ਵਿਆਹ ਜਾਂ ਸਹਿਵਾਸ ਸੰਬੰਧ ਦੇ ਕਿਸੇ ਸਗੇ ਪਰਿਵਾਰਕ ਮੈਂਬਰ ਦੀ ਦੇਖਭਾਲ ਕਰਦਾ ਹੈ।

3.40 ਇਹ ਦੇਖਦੇ ਹੋਏ ਕਿ ਸਹਿਵਾਸ ਸੰਬੰਧਾਂ ਵਿੱਚ ਵਿਅਕਤੀਆਂ ਦੀ ਸੰਖਿਆ ਵਧ ਰਹੀ ਹੈ, ਇਸਦੇ ਨਾਲ ਹੀ ਇਹ ਤੱਥ ਕਿ ਆਪਸੀ ਸਹਿਮਤੀ ਨਾਲ ਵੱਖ ਹੋਣਾ ਜੋੜਿਆਂ ਲਈ ਕਾਫੀ ਆਮ ਹੁੰਦਾ ਜਾ ਰਿਹਾ ਹੈ (ਚਾਹੇ ਵਿਆਹਾਂ ਵਿੱਚ ਜਾਂ ਸਹਿਵਾਸ ਸੰਬੰਧਾਂ ਵਿੱਚ), EOC ਦਾ ਮੰਨਣਾ ਹੈ ਕਿ ਉਹਨਾਂ ਵਿਅਕਤੀਆਂ ਦੀ ਪਰਿਵਾਰਕ ਸਥਿਤੀ ਪੱਖਪਾਤ ਤੋਂ ਰੱਖਿਆ ਹੋਣੀ ਚਾਹੀਦੀ ਹੈ, ਜਿੱਥੇ ਉਹ ਆਪਣੇ ਮੌਜੂਦਾ ਜਾਂ ਪਿਛਲੇ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਕਰਦੇ ਹਨ, ਸਹਿਵਾਸ ਸੰਬੰਧਾਂ ਤੋਂ ਹੋਣ ਵਾਲੇ ਪਰਿਵਾਰਕ ਮੈਂਬਰਾਂ ਸਮੇਤ।

3.41 EOC ਜਨਤਕ ਰਾਇ ਦੇ ਦੌਰਾਨ ਦੋਵਾਂ ਸੰਸਥਾਵਾਂ, ਖ਼ਾਸ ਕਰਕੇ ਧਾਰਮਿਕ ਸੰਸਥਾਵਾਂ ਅਤੇ ਸਕੂਲਾਂ ਅਤੇ ਵਿਅਕਤਾਂ ਵੱਲੋਂ ਇਸ ਸਮੱਸਿਆ ਤੇ ਪ੍ਰਗਟ ਕੀਤੀਆਂ ਜ਼ੋਰਦਾਰ ਚਿੰਤਾਵਾਂ ਤੇ ਧਿਆਨ ਦਿੰਦਾ ਹੈ। ਉਹਨਾਂ ਨੇ ਸਮਾਨ ਵਿਚਾਰ ਪ੍ਰਗਟ ਕੀਤੇ ਕਿ ਇੱਕ ਪੁਰਸ਼ ਅਤੇ ਔਰਤ ਦੇ ਵਿਚਕਾਰ ਕੇਵਲ ਵਿਆਹ ਸੰਸਥਾ ਨੂੰ ਹੀ ਮਾਨਤਾ ਮਿਲਣੀ ਚਾਹੀਦੀ ਹੈ ਅਤੇ ਇਹ ਕਿ ਪੱਖਪਾਤ ਤੋਂ ਰੱਖਿਆ ਕੇਵਲ ਵਿਵਾਹਕ ਜੋੜਿਆਂ ਲਈ ਹੀ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ, ਪਰਿਵਾਰਕ ਮੈਂਬਰਾਂ ਲਈ ਦੇਖਭਾਲ ਦੇ ਸੰਬੰਧ ਵਿੱਚ ਵੀ। EOC ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਇਸ ਪ੍ਰਸਤਾਵ ਦਾ ਫੋਕਸ ਸਮਾਨ-ਲਿੰਗ ਦੇ ਸੰਬੰਧਾਂ ਨੂੰ ਮਾਨਤਾ ਦੇਣ ਬਾਰੇ ਨਹੀਂ ਹੈ, ਬਲਕਿ ਇਹ ਉਸ ਪੱਖਪਾਤ ਤੋਂ ਲੋਕਾਂ ਦੀ ਰੱਖਿਆ ਕਰਨ ਬਾਰੇ ਹੈ, ਜਿੱਥੇ ਉਹ ਕਿਸੇ ਪਰਿਵਾਰਕ ਮੈਂਬਰ ਦੀ ਦੇਖਭਾਲ ਕਰਦੇ ਹਨ, ਇਸਤੇ ਵਿਚਾਰ ਕੀਤੇ ਬਿਨਾਂ ਕਿ ਇਹ ਵਿਆਹ ਹੈ ਜਾਂ ਨਹੀਂ ਅਤੇ ਉਹ ਵਿਆਹ ਜਾਂ ਸਹਿਵਾਸ ਸੰਬੰਧ ਖ਼ਤਮ ਹੋਇਆ ਹੈ ਜਾਂ ਨਹੀਂ।

**<u>ਸਿਫ਼ਾਰਿਸ਼ 27</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹਨਾਂ ਦੇ ਸੰਬੰਧ ਵਿੱਚ ਰੱਖਿਆ ਲਈ ਪਰਿਵਾਰਕ ਸਥਿਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਰੱਖਿਆ ਦੇ ਵਿਸਤਾਰ ਤੇ ਖੋਜ ਕਰੇ ਅਤੇ ਰਾਇ ਲਵੇ:**

- **ਸਹਿਵਾਸ ਸੰਬੰਧਾਂ ਵਿੱਚ ਸਗੇ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਕਰਨਾ;**
- **ਪੂਰਵ ਪਤੀ ਜਾਂ ਪਤਨੀ ਜਾਂ ਪੂਰਵ ਸਹਿਵਾਸ ਸਾਥੀ ਦੇ ਸਗੇ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਕਰਨਾ।**

## ਅਧਿਆਇ 4: ਰਾਇ ਵਿੱਚ ਹੋਰ ਸਮੱਸਿਆਵਾਂ ਤੇ ਪ੍ਰਸਤਾਵ

4.1 ਇਹ ਅਧਿਆਇ ਰਾਇ ਦਸਤਾਵੇਜ਼ ਵਿੱਚ ਸਾਰੇ ਹੋਰ ਸਵਾਲਾਂ ਤੇ ਸਾਡੀਆਂ ਬੇਨਤੀਆਂ ਮੁਹੱਈਆ ਕਰਦਾ ਹੈ। ਭਾਗ 1 ਵਿੱਚ ਵਿਧਾਨ ਅਤੇ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਟੀਚਿਆਂ ਨਾਲ ਸੰਬੰਧਿਤ ਸਵਾਲਾਂ ਤੇ ਵਿਚਾਰ ਕੀਤਾ ਗਿਆ ਹੈ; ਭਾਗ 2 ਵਿੱਚ ਪ੍ਰਤਿਬੰਧਿਤ ਆਚਰਨ ਦੇ ਰੂਪਾਂ ਨਾਲ ਸੰਬੰਧਿਤ ਸਵਾਲਾਂ ਤੇ ਵਿਚਾਰ ਕੀਤਾ ਗਿਆ ਹੈ; ਭਾਗ 3 ਵਿੱਚ ਪ੍ਰਤਿਬੰਧਿਤ ਆਚਰਨ ਦੇ ਖੇਤਰਾਂ ਨਾਲ ਸੰਬੰਧਿਤ ਸਵਾਲਾਂ ਤੇ ਵਿਚਾਰ ਕੀਤਾ ਗਿਆ ਹੈ; ਭਾਗ 4 ਵਿੱਚ ਸਮਾਨਤਾ ਨੂੰ ਵਧਾਉਣ ਅਤੇ ਮੁੱਖਧਾਰਾ ਵਿੱਚ ਲਿਆਉਣ ਸੰਬੰਧੀ ਸਵਾਲਾਂ ਤੇ ਵਿਚਾਰ ਕੀਤਾ ਗਿਆ ਹੈ; ਭਾਗ 5 ਵਿੱਚ ਅਦਾਲਤੀ ਕਾਰਵਾਈਆਂ ਦੇ ਨਾਲ-ਨਾਲ EOC ਦੇ ਅਧਿਕਾਰਾਂ ਅਤੇ ਸੰਵਿਧਾਨ ਦੇ ਪੱਖਾਂ ਤੇ ਵਿਚਾਰ ਕੀਤਾ ਗਿਆ ਹੈ; ਅਤੇ ਭਾਗ 6 ਵਿੱਚ ਗੈਰਕਨੂੰਨੀ ਪੱਖਪਾਤ ਦੀਆਂ ਛੋਟਾਂ ਤੇ ਵਿਚਾਰ ਕੀਤਾ ਗਿਆ ਹੈ।

4.2 ਹਰੇਕ ਸਮੱਸਿਆ ਤੇ, EOC ਦਾ ਵਿਚਾਰ ਅਧਿਆਇ 2 ਵਿੱਚ ਵਰਣਨ ਕੀਤੇ ਮੁਤਾਬਕ ਸਬੰਧਿਤ ਕਾਰਕਾਂ ਦੇ ਵਿਸ਼ਲੇਸ਼ਣ ਦੇ ਆਧਾਰ ਤੇ ਵੱਖ ਹੁੰਦਾ ਹੈ। ਕੁਝ ਸਮੱਸਿਆਵਾਂ ਤੇ, EOC ਦਾ ਮੰਨਣਾ ਹੈ ਕਿ ਸਰਕਾਰ ਨੂੰ ਵਿਧਾਨ ਸੁਧਾਰ ਲਾਗੂ ਕਰਨਾ ਚਾਹੀਦਾ ਹੈ, ਪਰੰਤੂ ਭਿੰਨ ਕਾਰਨਾਂ ਕਰਕੇ, ਪ੍ਰਸਤਾਵਿਤ ਸੁਧਾਰਾਂ ਤੇ ਜ਼ਰੂਰੀ ਦੇ ਤੌਰ ਤੇ ਵਿਚਾਰ ਨਹੀਂ ਵੀ ਕੀਤਾ ਜਾ ਸਕਦਾ, ਉਹਨਾਂ ਵਾਂਗ ਜਿਹਨਾਂ ਬਾਰੇ ਅਧਿਆਇ 3 ਵਿੱਚ ਚਰਚਾ ਕੀਤੀ ਗਈ ਹੈ। ਕੁਝ ਸਮੱਸਿਆਵਾਂ ਤੇ, EOC ਦਾ ਮੰਨਣਾ ਹੈ ਕਿ ਇਸ ਸਮੇਂ ਵਿਧਾਨ ਵਿੱਚ ਸੁਧਾਰ ਕਰਨਾ ਗੈਰ ਜ਼ਰੂਰੀ ਹੈ ਅਤੇ ਹੋਰਾਂ ਸਮੱਸਿਆਵਾਂ ਤੇ, EOC ਦਾ ਮੰਨਣਾ ਹੈ ਕਿ ਵਿਧਾਨ ਵਿੱਚ ਸੁਧਾਰ ਕਰਨਾ ਜ਼ਰੂਰੀ ਹੈ।

### *ਭਾਗ 1: ਵਿਧਾਨ ਅਤੇ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਟੀਚੇ*

### A. ਵਿਧਾਨ ਦਾ ਏਕੀਕਰਨ ਅਤੇ ਟੀਚੇ

(i) <u>ਵਿਧਾਨ ਦਾ ਏਕੀਕਰਨ</u>

4.3 EOC ਨੇ ਇਸਤੇ ਰਾਇ ਲਈ ਕਿ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਨੂੰ ਵਿਧਾਨ ਨੂੰ ਸੁਖਾਲਾ ਬਣਾਉਣ ਅਤੇ ਜਿੱਥੇ ਢੁਕਵਾਂ ਹੋਵੇ, ਭਿੰਨ ਵਿਸ਼ੇਸ਼ਤਾਵਾਂ ਵਿੱਚ ਰੱਖਿਆ ਦੇ ਅਨੁਕੂਲ ਕਰਨ ਲਈ ਇੱਕ ਪੱਖਪਾਤ-ਵਿਰੋਧੀ ਅਧਿਆਦੇਸ਼ ਵਿੱਚ ਏਕੀਕ੍ਰਿਤ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। EOC ਦਾ ਵਿਚਾਰ ਹੈ ਕਿ ਕੁਝ ਖੇਤਰਾਂ ਵਿੱਚ ਅਧਿਆਦੇਸ਼ਾਂ ਵਿੱਚ ਅਨੁਕੂਲਤਾ ਦੀ ਘਾਟ ਨੂੰ ਦੇਖਦੇ ਹੋਏ, ਇਹ ਕਿ ਇਹ ਭਵਿੱਖ ਵਿੱਚ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਕਿਸੇ ਵੀ ਸੰਭਾਵਿਤ ਸੰਕਲਨ ਦੇ ਨਾਲ-ਨਾਲ, ਹਾਂਗ ਕਾਂਗ ਵਿੱਚ ਤੁਲਨਾਤਮਕ ਨਿਆਂ ਅਧਿਕਾਰਾਂ ਅਤੇ ਹੋਰ ਵਿਧਾਨ ਨਾਲ ਸਮਾਨ ਰੁਝਾਨਾਂ ਦੀ ਰੋਸ਼ਨੀ ਵਿੱਚ ਇਹ ਤਰਜੀਹੀ ਦ੍ਰਿਸ਼ਟੀਕੋਣ ਹੋਵੇਗਾ।

**<u>ਸਿਫ਼ਾਰਿਸ਼ 28</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਨੂੰ ਸੁਖਾਲਾ ਬਣਾਉਣ ਅਤੇ ਜਿੱਥੇ ਢੁਕਵਾਂ ਹੋਵੇ, ਪੱਖਪਾਤ ਤੋਂ ਰੱਖਿਆ ਦੇ ਅਨੁਕੂਲ ਕਰਨ ਲਈ ਇੱਕ ਪੱਖਪਾਤ-ਵਿਰੋਧੀ ਅਧਿਆਦੇਸ਼ ਵਿੱਚ ਏਕੀਕ੍ਰਿਤ ਕਰਨ ਤੇ ਵਿਚਾਰ ਕਰੇ।**

(ii) <u>ਵਿਧਾਨ ਦੇ ਟੀਚੇ</u>

4.4 EOC ਨੇ ਇਹ ਰਾਇ ਮੰਗੀ ਕਿ ਵਿਧਾਨ ਦੇ ਟੀਚੇ ਉਦੇਸ਼ ਖੰਡ ਵਿੱਚ ਦਿੱਤੇ ਜਾਣੇ ਚਾਹੀਦੇ ਹਨ ਜਾਂ ਨਹੀਂ, ਜੋ ਵਿਧਾਨ ਦੀ ਸਮਝ, ਵਿਆਖਿਆ ਅਤੇ ਇਸਤੇਮਾਲ ਵਿੱਚ ਸਹਾਇਤਾ ਕਰ ਸਕਦਾ ਹੈ। EOC ਦਾ ਮੰਨਣਾ ਹੈ ਕਿ ਅਜਿਹੇ ਉਦੇਸ਼ ਖੰਡ ਵਿੱਚ ਜੋੜਣ ਲਈ ਦਿੱਤੇ ਜਾਣ ਤੇ ਵਿਚਾਰ ਕਰਨਾ ਬਿਹਤਰ ਹੋਵੇਗਾ। ਹਾਲਾਂਕਿ, ਸਮੱਸਿਆ ਵਿੱਚ ਪੱਖਪਾਤ ਤੋਂ ਰੱਖਿਆ ਵਿੱਚ ਅਸਲੀ ਤਬਦੀਲੀ ਸ਼ਾਮਲ ਨਹੀਂ ਹੈ, EOC ਇਸ ਸਮੇਂ ਇਸਨੂੰ ਉੱਚ ਪ੍ਰਥਮਤਾ ਨਹੀਂ ਨਹੀਂ ਮੰਨਦਾ।

**<u>ਸਿਫ਼ਾਰਿਸ਼ 29</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ  ਇਸਤੇ ਵਿਚਾਰ ਕਰੇ ਕਿ ਪੱਖਪਾਤ ਨੂੰ ਖ਼ਤਮ ਕਰਨ ਅਤੇ ਅਸਲੀ ਸਮਾਨਤਾ ਵਧਾਉਣ ਦੇ ਸੰਬੰਧ ਵਿੱਚ ਵਿਧਾਨ ਦੇ ਟੀਚਿਆਂ ਵਿੱਚ ਦਿੱਤੇ ਜਾਣ ਲਈ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਇੱਕ ਉਦੇਸ਼ ਖੰਡ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ।**

**B. ਲਿੰਗ ਅਤੇ ਗਰਭ ਅਵਸਥਾ ਦੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ**

(i) <u>ਲਿੰਗ ਦੀ ਰੱਖਿਆ ਵਿਸ਼ੇਸ਼ਤਾ</u>

4.5 EOC ਨੇ ਰਾਇ ਲਈ ਕਿ ਨਿਰਪੱਖ ਭਾਸ਼ਾ ਦੀ ਵਰਤੋਂ ਕਰਨ ਲਈ, ਇਹ ਸਮਝਣਾ ਆਸਾਨ ਬਣਾਉਣ ਲਈ ਕਿ ਪੱਖਪਾਤ ਤੋਂ ਰੱਖਿਆ ਔਰਤਾਂ ਅਤੇ ਪੁਰਸ਼ਾਂ ਦੋਵਾਂ ਤੇ ਲਾਗੂ ਹੁੰਦੀ ਹੈ, ਸਾਰੀਆਂ ਲਿੰਗ ਪੱਖਪਾਤ ਸੰਬੰਧੀ ਸ਼ਰਤਾਂ ਵਿੱਚ ਸੋਧ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਸਮੁੱਚੇ ਤੌਰ ਤੇ EOC ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ (SDO) ਵਿੱਚ ਇਹ ਸੋਧ ਕਰਨ ਦੀ ਸਿਫ਼ਾਰਿਸ਼ ਕਰਦਾ ਹੈ। ਹਾਲਾਂਕਿ, ਇਹ ਦੇਖਦੇ ਹੋਏ ਕਿ ਪੱਖਪਾਤ ਤੋਂ ਰੱਖਿਆ ਵਿੱਚ ਅਸਲੀ ਤਬਦੀਲੀ ਸ਼ਾਮਲ ਨਹੀਂ ਹੈ, ਇਸਨੂੰ ਹੋਰਾਂ ਸੋਧਾਂ ਵਾਂਗ ਜ਼ਰੂਰੀ ਨਹੀਂ ਵੀ ਮੰਨਿਆ ਜਾ ਸਕਦਾ।

**<u>ਸਿਫ਼ਾਰਿਸ਼ 30</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਨਿਰਪੱਖ ਸ਼ਬਦ "ਵਿਅਕਤੀ" ਦੀ ਵਰਤੋਂ ਕਰਕੇ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਦੀਆਂ ਸ਼ਰਤਾਂ ਵਿੱਚ ਸੋਧ ਕਰੇ, ਤਾਂ ਜੋ ਇਹ ਵੱਧ ਸਪਸ਼ਟ ਹੋਵੇ ਕਿ ਲਿੰਗ ਪੱਖਪਾਤ ਔਰਤਾਂ ਜਾਂ ਪੁਰਸ਼ਾਂ ਦੇ ਵਿਰੁੱਧ ਪੱਖਪਾਤ ਤੇ ਸਮਾਨ ਰੂਪ ਨਾਲ ਲਾਗੂ ਹੁੰਦਾ ਹੈ।**

(ii) <u>ਗਰਭ ਅਵਸਥਾ ਦੀ ਰੱਖਿਆ ਵਿਸ਼ੇਸ਼ਤਾ</u>

4.6 EOC ਨੇ ਇਸ ਬਾਰੇ ਵਿੱਚ ਰਾਇ ਲਈ ਕਿ ਕਨੂੰਨੀ ਬੰਦਸ਼ਾਂ ਨੂੰ ਸਮਝਣ ਵਿੱਚ ਲੋਕਾਂ ਨੂੰ ਵੱਧ ਸਪਸ਼ਟਤਾ ਅਤੇ ਸਹਾਇਤਾ ਮੁਹੱਈਆ ਕਰਨ ਲਈ, SDO ਦੇ ਅਧੀਨ ਔਰਤਾਂ ਨਾਲ ਜਣੇਪਾ ਛੁੱਟੀ ਦੇ ਦੌਰਾਨ ਪੱਖਪਾਤ ਹੋਣ ਤੋਂ ਰੋਕਣ ਲਈ ਉਚੇਚਾ ਹਵਾਲਾ ਦੇਣਾ ਉਚਿਤ ਹੈ ਜਾਂ ਨਹੀਂ। ਵਰਤਮਾਨ ਵਿੱਚ, ਅਜਿਹੇ ਉਚੇਚੇ ਹਵਾਲੇ ਦੇ ਨਾ ਹੋਣ ਦੇ ਬਾਵਜੂਦ, ਹਾਂਗ ਕਾਂਗ ਅਦਾਲਤਾਂ ਨੇ ਔਰਤਾਂ ਦੇ ਜਣੇਪਾ ਛੁੱਟੀ (ਉਹਨਾਂ ਦੇ ਬੱਚੇ ਨੂੰ ਜਨਮ ਦੇਣ ਤੋਂ ਲੈ ਕੇ ਕੰਮ ਤੇ ਪਰਤਣ ਤੱਕ) ਦੀ ਮਿਆਦ ਦੇ ਦੌਰਾਨ ਜਾਂ ਕੰਮ ਤੇ ਪਰਤਣ ਤੋਂ ਬਾਅਦ ਘੱਟ ਉਚਿਤ ਇਲਾਜ ਸ਼ਾਮ ਕਰਨ ਦੇ ਗਰਭ ਅਵਸਥਾ ਪੱਖਪਾਤ ਦੀ ਇੱਕ ਪੱਖਪਾਤਹੀਣ ਵਿਆਖਿਆ ਦਿੱਤੀ ਹੈ, ਇਹ ਧਿਆਨ ਦੇਣਾ ਵੀ ਮਹੱਤਵਪੂਰਣ ਹੈ ਕਿ ਰੁਜ਼ਗਾਰ ਅਧਿਆਦੇਸ਼ ਸਪਸ਼ਟ ਰੂਪ ਨਾਲ ਸ਼ਰਤ ਰੱਖਦਾ ਹੈ ਕਿ ਕਿਸੇ ਔਰਤ ਨੂੰ ਜਣੇਪਾ ਛੁੱਟੀ ਤੇ ਹੋਣ ਵੇਲੇ ਉਸਦੀ ਨੌਕਰੀ ਤੋਂ ਕੱਢਣਾ ਗੈਰਕਨੂੰਨੀ ਹੈ। EOC

ਜਨਤਕ ਰਾਇ ਦੇ ਦੌਰਾਨ ਸੰਸਥਾਵਾਂ ਅਤੇ ਵਿਅਕਤੀਆਂ ਦੋਵਾਂ ਵੱਲੋਂ ਇਸ ਪ੍ਰਸਤਾਵ ਦੇ ਜ਼ੋਰਦਾਰ ਸਮਰਥਨ ਤੇ ਵੀ ਧਿਆਨ ਦਿੰਦਾ ਹੈ। ਹਾਲਾਂਕਿ, ਪ੍ਰਸਤਾਵ ਵਿਧਾਨ ਵਿੱਚ ਦਿੱਤੀ ਮੌਜੂਦਾ ਰੱਖਿਆ ਨੂੰ ਸ਼ਾਮਲ ਕਰਦਾ ਹੈ ਅਤੇ ਰੱਖਿਆ ਵਿੱਚ ਅੰਤਰਾਲ ਨੂੰ ਖ਼ਤਮ ਨਾ ਕਰਦੇ ਹੋਏ, EOC ਦਾ ਮੰਨਣਾ ਹੈ ਕਿ ਇਹ ਹੋਰਾਂ ਪ੍ਰਸਤਾਵਾਂ ਜਿੰਨਾ ਜ਼ਰੂਰੀ ਨਹੀਂ ਵੀ ਹੋ ਸਕਦਾ।

**ਸਿਫ਼ਾਰਿਸ਼ 31: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਇੱਕ ਉਚੇਚੀ ਸ਼ਰਤ ਕਿ ਔਰਤਾਂ ਦੀ ਜਣੇਪੇ ਦੇ ਆਧਾਰਾਂ ਤੇ ਰੱਖਿਆ ਕੀਤੀ ਜਾਂਦੀ ਹੈ, ਜਦੋਂ ਉਹ ਜਣੇਪਾ ਛੁੱਟੀ ਤੇ ਹੁੰਦੀਆਂ ਹਨ, ਮੁਹੱਈਆ ਕਰਨ ਲਈ ਸੋਧ ਕੀਤਾ ਜਾਏ।**

4.7 EOC ਨੇ ਲੋਕਾਂ ਤੋਂ ਇਹ ਰਾਇ ਵੀ ਲਈ ਕਿ ਸੰਭਾਵਿਤ ਗਰਭ ਅਵਸਥਾ ਦੇ ਆਧਾਰਾਂ ਤੇ ਪੱਖਪਾਤ ਤੋਂ ਉਚੇਚੀ ਰੱਖਿਆ ਹੋਣੀ ਚਾਹੀਦੀ ਹੈ ਜਾਂ ਨਹੀਂ, ਜਿੱਥੇ ਕਿਸੇ ਔਰਤ ਨਾਲ ਇਸਲਈ ਘੱਟ ਅਨੁਕੂਲ ਵਿਵਹਾਰ ਕੀਤਾ ਜਾਂਦਾ ਹੈ ਕਿਉਂਕਿ ਉਹ ਭਵਿੱਖ ਵਿੱਚ ਗਰਭਵਤੀ ਹੋ ਸਕਦੀ ਹੈ। ਕਮਿਸ਼ਨ ਵਿਦੇਸ਼ੀ ਘਰੇਲੂ ਕਾਮਿਆਂ ਦੀ ਪ੍ਰਤੀਨਿੱਧਤਾ ਕਰਨ ਵਾਲੀਆਂ ਕਈ ਸੰਸਥਾਵਾਂ ਵੱਲੋਂ ਪ੍ਰਾਪਤ ਉਹਨਾਂ ਜਵਾਬਾਂ ਦੇ ਪ੍ਰਤੀ ਖ਼ਾਸ ਚਿੰਤਾ ਤੇ ਧਿਆਨ ਦਿੰਦਾ ਹੈ, ਜੋ ਰਿਪੋਰਟ ਕਰਦੇ ਹਨ ਕਿ ਕੁਝ ਕਾਮਿਆਂ ਨੂੰ ਉਹਨਾਂ ਦੇ ਮਾਲਿਕਾਂ ਵੱਲੋਂ ਜਾਂ ਰੁਜ਼ਗਾਰ ਏਜੰਸੀਆਂ ਵੱਲੋਂ ਗਰਭ ਨਿਰੋਧਕ ਗੋਲੀਆਂ ਲੈਣ ਜਾਂ ਗਰਭ ਅਵਸਥਾ ਜਾਂਚਾਂ ਕਰਾਉਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਪੱਖਪਾਤੀ ਹੋਣ ਤੋਂ ਇਲਾਵਾ, ਅਜਿਹੇ ਕੰਮ ਸੈਕਸੁਅਲ ਆਤਮ-ਸੁਤੰਤਰਤਾ ਅਤੇ ਪ੍ਰਜਨਨ ਸੰਬੰਧੀ ਹੱਕਾਂ ਦੇ ਸੰਬੰਧ ਵਿੱਚ ਉਹਨਾਂ ਦੇ ਮਨੁੱਖੀ ਹੱਕਾਂ ਦੀ ਵੀ ਉਲੰਘਣਾ ਕਰਨਾ ਹੈ। ਹਾਲਾਂਕਿ EOC ਨੇ ਔਰਤਾਂ ਦੇ ਵਿਰੁੱਧ ਪੱਖਪਾਤ ਦੇ ਰੂਪ ਵਿੱਚ ਸੰਭਾਵਿਤ ਗਰਭ ਅਵਸਥਾ ਪੱਖਪਾਤ ਸੰਬੰਧੀ ਸ਼ਿਕਾਇਤਾਂ ਤੇ ਵਿਚਾਰ ਕੀਤਾ ਹੈ, ਇਹ ਤੱਥ ਦੇਖਦੇ ਹੋਏ ਕਿ ਇਸ ਪੱਖਪਾਤ ਦੇ ਕੁਝ ਰੂਪਾਂ ਵਿੱਚ ਮਨੁੱਖੀ ਹੱਕਾਂ ਦਾ ਸ਼ੋਸ਼ਣ ਵੀ ਸ਼ਾਮਲ ਹੋ ਸਕਦਾ ਹੈ, EOC ਦਾ ਮੰਨਣਾ ਹੈ ਕਿ ਸੰਭਾਵਿਤ ਗਰਭ ਅਵਸਥਾ ਪੱਖਪਾਤ ਨੂੰ ਰੋਕਣ ਲਈ ਇੱਕ ਉਚੇਚੀ ਸ਼ਰਤ ਪੇਸ਼ ਕੀਤੀ ਜਾਣੀ ਚਾਹੀਦੀ ਹੈ।

**ਸਿਫ਼ਾਰਿਸ਼ 32: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਸੰਭਾਵਿਤ ਗਰਭ ਅਵਸਥਾ ਪੱਖਪਾਤ ਨੂੰ ਰੋਕਦੇ ਹੋਏ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਇੱਕ ਉਚੇਚੀ ਸ਼ਰਤ ਪੇਸ਼ ਕਰੇ।**

## C. ਅਪੰਗਤਾ ਦੀ ਰੱਖਿਆ ਵਿਸ਼ੇਸ਼ਤਾ

4.8 EOC ਨੇ ਲੋਕਾਂ ਤੋਂ ਇਸ ਬਾਰੇ ਰਾਇ ਲਈ ਕਿ ਮੌਜੂਦਾ ਪਰਿਭਾਸ਼ਾ ਅਤੇ ਖੇਤਰ, ਜੋ ਅਪੰਗਤਾ ਨੂੰ ਕਨੂੰਨੀ ਰੂਪ ਦਿੰਦਾ ਹੈ, ਸਹੀ ਹੈ ਜਾਂ ਇਸ ਵਿੱਚ ਸੋਧ ਕੀਤਾ ਜਾਣਾ ਚਾਹੀਦਾ ਹੈ। ਹਾਂਗ ਕਾਂਗ ਵਿੱਚ, ਆੱਸਟ੍ਰੇਲੀਅਨ ਦ੍ਰਿਸ਼ਟੀਕੋਣ ਦੇ ਸਮਾਨ ਹੀ, ਅਪੰਗਤਾ ਪੱਖਪਾਤ ਤੋਂ ਕਿਸਦੀ ਰੱਖਿਆ ਕੀਤੀ ਜਾਏ, ਦਾ ਮੌਜੂਦਾ ਖੇਤਰ ਵਿਆਪਕ ਤੌਰ ਤੇ ਮਾਮੂਲੀ ਅਤੇ ਛੋਟੀ-ਮਿਆਦ ਦੀਆਂ ਬੀਮਾਰੀਆਂ ਸ਼ਾਮਲ ਕਰਨ ਲਈ ਪਰਿਭਾਸ਼ਤ ਕੀਤਾ ਗਿਆ ਹੈ, ਜਿਵੇਂ ਸਰਦੀ ਜੁਕਾਮ। ਇਹ ਬ੍ਰਿਟਿਸ਼ ਦ੍ਰਿਸ਼ਟੀਕੋਣ ਤੋਂ ਭਿੰਨ ਹੈ, ਜੋ ਉਹਨਾਂ ਕਮਜ਼ੋਰੀਆਂ ਦੀ ਬਜਾਏ, ਜਿਹਨਾਂ ਦਾ ਮਾਮੂਲੀ ਜਾਂ ਛੋਟੀ-ਮਿਆਦ ਦਾ ਪ੍ਰਭਾਵ ਹੈ, ਉਹਨਾਂ ਕਮਜ਼ੋਰੀਆਂ ਤੇ ਧਿਆਨ ਦਿੰਦਾ ਹੈ, ਜੋ ਖ਼ਾਸ ਤੌਰ ਤੇ ਕਿਸੇ ਦੇ ਜੀਵਨ ਨੂੰ ਲੰਮੀ ਮਿਆਦ ਲਈ ਪ੍ਰਭਾਵਿਤ ਕਰਦੀਆਂ ਹਨ।

4.9 EOC ਨੂੰ ਮਾਮੂਲੀ ਅਤੇ ਛੋਟੀ-ਮਿਆਦ ਦੀਆਂ ਬੀਮਾਰੀਆਂ ਸੰਬੰਧੀ ਕੁਝ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ ਅਤੇ ਦੇਖਿਆ ਕਿ ਕੁਝ ਸੰਸਥਾਵਾਂ ਨੇ ਇਹ ਉਦਾਹਰਨ ਦਿੰਦੇ ਹੋਏ, ਪਰਿਭਾਸ਼ਾ ਵਿੱਚ ਤਬਦੀਲੀ ਕਰਨ ਦੀ ਹਿਮਾਇਤ ਕੀਤੀ ਹੈ ਕਿ ਮੌਜੂਦਾ ਪਰਿਭਾਸ਼ਾ ਬੀਮਾਰੀ ਛੁੱਟੀ ਪ੍ਰਣਾਲੀ ਦੇ ਸ਼ੋਸ਼ਣ ਨੂੰ ਸੁਖਾਲਾ ਕਰ ਸਕਦੀ ਹੈ। ਫਿਰ ਵੀ, ਇਹ ਵਿਚਾਰਯੋਗ ਹੈ ਕਿ

ਇਸ ਸੰਬੰਧ ਵਿੱਚ ਕੀ ਮਹੱਤਵਪੂਰਣ ਹੋਣਾ ਚਾਹੀਦਾ ਹੈ, ਅਵਸਥਾ ਦੀ ਗੰਭੀਰਤਾ ਜਾਂ ਮਿਆਦ ਤੇ ਧਿਆਨ ਦੇਣ ਦੀ ਬਜਾਇ ਇਸਤੇ ਧਿਆਨ ਦੇਣਾ ਕਿ ਅਵਸਥਾ ਘੱਟ ਅਨੁਕੂਲ ਇਲਾਜ ਦੇ ਕਾਰਨ ਹੈ ਜਾਂ ਨਹੀਂ। ਅਪੰਗਤਾ-ਸੰਬੰਧੀ ਕਈ ਸੰਸਥਾਵਾਂ ਨੇ ਚਿੰਤਾ ਪ੍ਰਗਟ ਕੀਤੀ ਕਿ, ਜੇਕਰ ਪ੍ਰਸਤਾਵ ਪਾਸ ਕੀਤਾ ਜਾਂਦਾ ਹੈ, ਤਾਂ ਇਹ ਪੱਖਪਾਤ ਤੋਂ ਮੌਜੂਦਾ ਰੱਖਿਆ ਦੇ ਪੱਧਰ ਨੂੰ ਘਟਾ ਦੇਵੇਗਾ। ਇਸਲਈ EOC ਦਾ ਮੰਨਣਾ ਹੈ ਕਿ ਇਸ ਸਮੇਂ ਅਪੰਗਤਾ ਦੀ ਮੌਜੂਦਾ ਪਰਿਭਾਸ਼ਾ ਨੂੰ ਰੱਖਣਾ ਹੀ ਸਹੀ ਹੈ।

**<u>ਸਿਫ਼ਾਰਿਸ਼ 33</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਇਸ ਸਮੇਂ ਅਪੰਗਤਾ ਦੀ ਮੌਜੂਦਾ ਪਰਿਭਾਸ਼ਾ ਨੂੰ ਰੱਖਣਾ ਹੀ ਸਹੀ ਹੈ।**

**D. ਪਰਿਵਾਰਕ ਸਥਿਤੀ ਦੀ ਰੱਖਿਆ ਵਿਸ਼ੇਸ਼ਤਾ**

4.10 EOC ਨੇ ਇਸ ਬਾਰੇ ਰਾਇ ਲਈ ਕੀ ਸ਼ਬਦ "ਪਰਿਵਾਰਕ ਸਥਿਤੀ" ਨੂੰ ਸਪਸ਼ਟਤਾ ਵਧਾਉਣ ਲਈ "ਪਰਿਵਾਰਕ ਜ਼ਿੰਮੇਵਾਰੀਆਂ" ਨਾਮ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ। EOC ਇਸਤੇ ਧਿਆਨ ਦਿੰਦਾ ਹੈ ਕਿ ਅੰਤਰਰਾਸ਼ਟਰੀ ਮਨੁੱਖੀ ਹੱਕ ਵਿਧਾਨ ਅਤੇ ਹੋਰ ਨਿਆਂ ਅਧਿਕਾਰ ਇਸ ਰੱਖਿਆ ਦੇ ਸੰਬੰਧ ਵਿੱਚ ਭਿੰਨ ਪ੍ਰਕਾਰ ਦੇ ਸ਼ਬਦਾਂ ਦੀ ਵਰਤੋਂ ਕਰਦੇ ਹਨ ਅਤੇ ਇਹ ਕਿ ਕਈ ਸੰਸਥਾਵਾਂ ਮੌਜੂਦਾ ਪਰਿਭਾਸ਼ਾ ਨੂੰ ਆਪਣੇ ਰਾਇ ਜਵਾਬਾਂ ਵਿੱਚ ਸਹੀ ਮੰਨਦੀਆਂ ਹਨ। ਇਸ ਵਿੱਚ ਪੱਖਪਾਤ ਤੋਂ ਰੱਖਿਆ ਵਿੱਚ ਕੋਈ ਅਸਲੀ ਤਬਦੀਲੀ ਵੀ ਸ਼ਾਮਲ ਨਹੀਂ ਹੋਵੇਗੀ।

**<u>ਸਿਫ਼ਾਰਿਸ਼ 34</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਪਰਿਵਾਰਕ ਸਥਿਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਸ਼ਬਦ "ਪਰਿਵਾਰਕ ਸਥਿਤੀ" ਦੀ "ਪਰਿਵਾਰਕ ਜ਼ਿੰਮੇਵਾਰੀਆਂ" ਵਿੱਚ ਕੋਈ ਤਬਦੀਲੀ ਨਾ ਕੀਤੀ ਜਾਏ।**

## *ਭਾਗ 2: ਵਰਜਿਤ ਆਚਰਨ ਦੇ ਰੂਪ*

**A. ਪ੍ਰਤੱਖ ਗਰਭ ਅਵਸਥਾ ਪੱਖਪਾਤ**

4.11 EOC ਨੇ ਇਸ ਬਾਰੇ ਰਾਇ ਲਈ ਸੀ ਕਿ SDO ਵਿੱਚ ਪ੍ਰਤੱਖ ਗਰਭ ਅਵਸਥਾ ਪੱਖਪਾਤ ਦੇ ਸੰਬੰਧ ਵਿੱਚ, ਤੁਲਨਾ ਦੀ ਲੋੜ ਨੂੰ ਖ਼ਤਮ ਕੀਤਾ ਜਾਏ ਜਾਂ ਨਹੀਂ ਅਤੇ ਗਰਭ ਅਵਸਥਾ ਤੋਂ ਉਜਾਗਰ ਹੋਣ ਵਾਲੇ ਪੱਖਾਂ, ਜਿਵੇਂ ਬੀਮਾਰੀ ਨੂੰ ਪਰਿਭਾਸ਼ਾ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਅੰਤਰਰਾਸ਼ਟਰੀ ਤੌਰ ਤੇ ਇਹ ਮਾਨਤਾ ਹੈ ਕਿ ਪ੍ਰਤੱਖ ਪੱਖਪਾਤ ਦੀਆਂ ਕੁਝ ਸਥਿਤੀਆਂ ਵਿੱਚ, ਜਿਵੇਂ ਗਰਭ ਅਵਸਥਾ ਦੇ ਸੰਬੰਧ ਵਿੱਚ ਇਹ ਦੇਖਦੇ ਹੋਏ ਕਿ ਕੇਵਲ ਔਰਤ ਹੀ ਗਰਭਵਤੀ ਹੋ ਸਕਦੀ ਹੈ, ਕੋਈ ਤੁਲਨਾਤਮਕ ਸਥਿਤੀ ਨਹੀਂ ਹੈ। ਹੋਰ ਨਿਆਂ ਅਧਿਕਾਰਾਂ ਨੇ ਵੀ ਅਜਿਹੀ ਤੁਲਨਾ ਨੂੰ ਖ਼ਤਮ ਕੀਤਾ ਹੈ ਅਤੇ ਗਰਭ ਅਵਸਥਾ ਤੋਂ ਪੈਦਾ ਹੋਣ ਵਾਲੀ ਅਵਸਥਾ ਲਈ ਪੱਖਪਾਤ ਰੱਖਿਆ ਮੁਹੱਈਆ ਕਰਦੇ ਹਨ। EOC ਨੇ ਉਹਨਾਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ, ਜਿੱਥੇ ਉੱਤਰਦਾਤਾ ਮਾਲਿਕਾਂ ਨੇ ਉਹਨਾਂ ਔਰਤਾਂ ਨੂੰ ਬਰਖਾਸਤ ਕਰ ਦਿੱਤਾ ਹੈ, ਜਿਹਨਾਂ ਨੇ ਘੱਟ ਪ੍ਰਦਰਸ਼ਨ ਦੇ ਆਧਾਰਾਂ ਤੇ ਗਰਭ ਅਵਸਥਾ-ਸੰਬੰਧੀ ਬੀਮਾਰੀ ਦੇ ਕਾਰਨ ਬੀਮਾਰੀ ਛੁੱਟੀ ਲਈ ਹੈ। ਪ੍ਰਸਤਾਵ ਲਈ ਅਸਲੀ ਹਿਮਾਇਤ ਵੀ ਹੈ, ਖ਼ਾਸ ਕਰਕੇ ਸੰਸਥਾਵਾਂ ਤੋਂ, ਜਿਹਨਾਂ ਵਿੱਚੋਂ ਕੁਝ ਨੇ ਸਹਿਮਤੀ ਦਿੱਤੀ ਕਿ ਇਹ ਲਾਜ਼ਮੀ ਹੈ ਕਿ ਵਿਧਾਨ ਇਹ ਸਪਸ਼ਟ ਕਰੇ ਕਿ ਗਰਭ ਅਵਸਥਾ ਨਾਲ ਜੁੜੇ ਸਾਰੇ ਘੱਟ ਅਨੁਕੂਲ ਇਲਾਜ ਨੂੰ ਵਰਜਿਤ ਕੀਤਾ ਜਾਣਾ ਚਾਹੀਦਾ ਹੈ।

**<u>ਸਿਫ਼ਾਰਿਸ਼ 35</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਇਹਨਾਂ ਮੁਤਾਬਕ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਪ੍ਰਤੱਖ ਗਰਭ ਅਵਸਥਾ ਪੱਖਪਾਤ ਦੀ ਪਰਿਭਾਸ਼ਾ ਵਿੱਚ ਸੋਧ ਕੀਤਾ ਜਾਣਾ ਚਾਹੀਦਾ ਹੈ:**

- **ਤੁਲਨਾ ਦੀ ਲੋੜ ਨੂੰ ਖ਼ਤਮ ਕਰਨਾ; ਅਤੇ**
- **ਗਰਭ ਅਵਸਥਾ ਸੰਬੰਧੀ ਘੱਟ ਅਨੁਕੂਲ ਇਲਾਜ ਨੂੰ ਸ਼ਾਮਲ ਕਰਨਾ, ਜਿਵੇਂ ਬੀਮਾਰੀ।**

**B.** ਔਰਤਾਂ ਅਤੇ ਪੁਰਸ਼ਾਂ ਲਈ ਸਮਾਨ ਮੁੱਲ ਦੇ ਕੰਮ ਲਈ ਸਮਾਨ ਤਨਖਾਹ

4.12 EOC ਨੇ ਇਸ ਬਾਰੇ ਵੀ ਰਾਇ ਲਈ ਸੀ ਕਿ SDO ਵਿੱਚ ਸਮਾਨ ਮੁੱਲ ਦੀਆਂ ਸ਼ਰਤਾਂ ਲਈ ਖ਼ਾਸ ਸਮਾਨ ਤਨਖਾਹ ਪੇਸ਼ ਕਰਨ ਦੀ ਲੋੜ ਹੈ ਜਾਂ ਨਹੀਂ। ਕਈ ਖੇਤਰਾਂ, ਉਮਰ ਸਮੂਹਾਂ ਅਤੇ ਵਿਦਿਅਕ ਪ੍ਰਾਪਤੀ ਵਿੱਚ ਔਰਤਾਂ ਅਤੇ ਪੁਰਸ਼ਾਂ ਵਿਚਕਾਰ ਸਮੁੱਚੇ ਦਰਮਿਆਨੇ ਤਨਖਾਹ ਅੰਤਰ ਨੂੰ ਸੂਚਿਤ ਕਰਨ ਦਾ ਪ੍ਰਮਾਣ ਹੈ। ਜਨਤਕ ਰਾਇ ਵਿੱਚ ਪ੍ਰਸਤਾਵ ਲਈ ਵਿਚਾਰਨਯੋਗ ਸਮਰਥਨ ਵੀ ਪ੍ਰਾਪਤ ਹੋਇਆ ਸੀ, ਖ਼ਾਸ ਕਰਕੇ ਔਰਤਾਂ ਨਾਲ ਕੰਮ ਕਰਨ ਵਾਲੀਆਂ ਸੰਸਥਾਵਾਂ ਦੇ ਨਾਲ-ਨਾਲ ਵਿਅਕਤੀਆਂ ਤੋਂ। ਹਾਲਾਂਕਿ, ਇਸ ਬਾਰੇ ਕੋਈ ਖ਼ਾਸ ਪ੍ਰਮਾਣ ਨਹੀਂ ਹੈ ਕਿ ਖੇਤਰਾਂ ਵਿੱਚ ਖ਼ਾਸ ਭੂਮਿਕਾਵਾਂ ਦੇ ਸੰਬੰਧ ਵਿੱਚ ਤਨਖਾਹ ਅੰਤਰ ਹਨ ਜਾਂ ਨਹੀਂ, ਜੋ ਸਮਾਨ ਮੁੱਲ ਸ਼ਰਤਾਂ ਦੇ ਕੰਮ ਲਈ ਸਮਾਨ ਤਨਖਾਹ ਨੂੰ ਉਚਿਤ ਠਹਿਰਾਉਣ ਦਾ ਇੱਕ ਮਹੱਤਵਪੂਰਣ ਆਧਾਰ ਹੈ। ਇਸਲਈ ਪ੍ਰਮਾਣ ਦਾ ਅਤੇ ਇਸਦਾ ਦੁਬਾਰਾ ਮੁਲਾਂਕਣ ਕਰਨਾ ਉਚਿਤ ਹੈ ਕਿ ਖ਼ਾਸ ਸ਼ਰਤਾਂ ਦੀ ਲੋੜ ਹੈ ਜਾਂ ਨਹੀ।

**<u>ਸਿਫ਼ਾਰਿਸ਼ 36:</u> ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਸ ਸੰਬੰਧ ਵਿੱਚ ਖੋਜ ਕਰੇ, ਖ਼ਾਸ ਕਰਕੇ ਜਨਤਕ ਜਾਂ ਨਿੱਜੀ ਖੇਤਰਾਂ ਵਿੱਚ, ਔਰਤਾਂ ਅਤੇ ਪੁਰਸ਼ਾਂ ਵਿਚਕਾਰ ਸਮਾਨ ਮੁੱਲ ਦੇ ਕੰਮ ਲਈ ਅਸਮਾਨ ਤਨਖਾਹ ਦਾ ਪ੍ਰਮਾਣ ਹੈ ਜਾਂ ਨਹੀਂ ਅਤੇ ਜੇਕਰ ਹੈ, ਤਾਂ ਕਿਹੜਾ ਵਿਧਾਨ ਜਾਂ ਹੋਰ ਉਪਾਅ ਢੁਕਵੇਂ ਹੋ ਸਕਦੇ ਹਨ।**

**C.** ਅਪੰਗਤਾ ਪੱਖਪਾਤ

4.13 EOC ਨੇ ਇਸ ਬਾਰੇ ਰਾਇ ਲਈ ਸੀ ਕਿ ਅਪੰਗਤਾ ਤੋਂ ਪੈਦਾ ਹੋਣ ਵਾਲੇ ਪੱਖਪਾਤ ਦੀ ਇੱਕ ਨਵੀਂ ਸ਼੍ਰੇਣੀ (ਜਿਵੇਂ ਇਲਾਜ ਲਈ ਬਿਨਾਂ ਤਨਖਾਹ ਦੀ ਛੁੱਟੀ ਦੀ ਖ਼ਾਸ ਮਾਤਰਾ ਲੈਣ ਦੀ ਲੋੜ ਹੋਣਾ) ਪੇਸ਼ ਕੀਤੀ ਜਾਣੀ ਚਾਹੀਦੀ ਹੈ ਜਾਂ ਨਹੀਂ। ਸੰਚਾਲਨ ਸੰਬੰਧੀ ਅਨੁਭਵ ਰਾਹੀਂ, EOC ਦਾ ਮੰਨਣਾ ਹੈ ਕਿ ਉਪਰੋਕਤ ਚਿੰਤਾਵਾਂ ਤੇ ਪਹਿਲਾਂ ਹੀ DDO ਦੇ ਸੈਕਸ਼ਨ 3 ਦੇ ਓਪਰੇਸ਼ਨ ਰਾਹੀਂ ਕੁਝ ਹੱਦ ਤੱਕ DDO ਵਿੱਚ ਧਿਆਨ ਦਿੱਤਾ ਗਿਆ ਹੈ, ਜੋ ਇਹ ਸ਼ਰਤ ਰੱਖਦਾ ਹੈ ਕਿ ਜੇਕਰ ਕੋਈ ਕੰਮ ਦੋ ਜਾਂ ਵੱਧ ਕਾਰਨਾਂ ਲਈ ਕੀਤਾ ਜਾਂਦਾ ਹੈ ਅਤੇ ਉਹਨਾਂ ਵਿੱਚੋਂ ਇੱਕ ਕਾਰਨ ਵਿਅਕਤੀ ਦੀ ਅਪੰਗਤਾ ਹੈ, ਤਾਂ ਕੰਮ ਨੂੰ ਅਪੰਗਤਾ ਦੇ ਕਾਰਨ ਲਈ ਕਰਨ ਦੇ ਤੌਰ ਤੇ ਲਿਆ ਜਾਂਦਾ ਹੈ। ਇਸਲਈ EOC ਦਾ ਮੰਨਦਾ ਹੈ ਕਿ ਪ੍ਰਤੱਖ ਅਤੇ ਅਪ੍ਰਤੱਖ ਅਪੰਗਤਾ ਪੱਖਪਾਤ ਤੋਂ ਮੌਜੂਦਾ ਰੱਖਿਆ ਪੂਰੀ ਰੱਖਿਆ ਮੁਹੱਈਆ ਕਰਦੀ ਹੈ।

**<u>ਸਿਫ਼ਾਰਿਸ਼ 37</u>: EOC ਮੰਨਦਾ ਹੈ ਕਿ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਅਧੀਨ ਪ੍ਰਤੱਖ ਅਤੇ ਅਪ੍ਰਤੱਖ ਅਪੰਗਤਾ ਪੱਖਪਾਤ ਤੋਂ ਮੌਜੂਦਾ ਰੱਖਿਆ ਪੂਰੀ ਰੱਖਿਆ ਮੁਹੱਈਆ ਕਰਦੀ ਹੈ ਅਤੇ ਇਸ ਸਮੇਂ ਅਪੰਗਤਾ ਤੋਂ ਪੈਦਾ ਹੋਣ ਵਾਲੇ ਪੱਖਪਾਤ ਦੀ ਨਵੀਂ ਸ਼੍ਰੇਣੀ ਪੇਸ਼ ਕਰਨਾ ਗੈਰ ਜ਼ਰੂਰੀ ਹੈ। ਹਾਲਾਂਕਿ, EOC ਪ੍ਰਤੱਖ ਅਤੇ ਅਪ੍ਰਤੱਖ ਅਪੰਗਤਾ ਪੱਖਪਾਤ ਸ਼ਰਤਾਂ ਦੀ ਪ੍ਰਭਾਵਕਤਾ ਦਾ ਲਗਾਤਾਰ ਨਿਰੀਖਣ ਕਰੇਗਾ।**

**D.** ਉਤਪੀੜਨ

4.14 EOC ਨੇ ਇਸ ਬਾਰੇ ਰਾਇ ਲਈ ਸੀ ਕਿ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਸੰਬੰਧ ਵਿੱਚ ਉਤਪੀੜਨ ਵਰਜਿਤ ਹੋਣਾ ਚਾਹੀਦਾ ਹੈ ਜਾਂ ਨਹੀਂ ਜਿਵੇਂ ਲਿੰਗ, ਗਰਭ ਅਵਸਥਾ, ਪਰਿਵਾਰਕ ਸਥਿਤੀ ਅਤੇ ਵਿਵਾਹਕ ਸਥਿਤੀ ਸਮੇਤ। ਵਰਤਮਾਨ ਵਿੱਚ, ਸੈਕਸੁਅਲ ਉਤਪੀੜਨ ਦੇ ਸੰਦਰਭ ਵਿੱਚ ਕੇਵਲ ਜਾਤੀ, ਅਪੰਗਤਾ ਅਤੇ ਲਿੰਗ ਦੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਨਾਲ ਸੰਬੰਧਿਤ ਉਤਪੀੜਨ ਤੋਂ ਉਚੇਚੀ ਰੱਖਿਆ ਹੈ। EOC ਨੇ ਮੌਜੂਦਾ ਰੱਖਿਆ ਅਤੇ ਸਬੰਧਿਤ ਪ੍ਰਮਾਣ ਤੇ ਵਿਚਾਰ ਕੀਤਾ ਹੈ ਅਤੇ ਮੰਨਦਾ ਹੈ ਕਿ ਲਿੰਗ, ਗਰਭ ਅਵਸਥਾ, ਪਰਿਵਾਰਕ ਸਥਿਤੀ ਅਤੇ ਵਿਵਾਹਕ ਸਥਿਤੀ ਦੇ ਆਧਾਰਾਂ ਤੇ ਉਤਪੀੜਨ ਸਥਿਤੀਆਂ ਨਾਲ ਇਸ ਸਮੇਂ ਆਮ ਤੌਰ ਤੇ ਪ੍ਰਤੱਖ ਪੱਖਪਾਤ ਸ਼ਰਤਾਂ ਦੇ ਅਧੀਨ ਵਿਹਾਰ ਕੀਤਾ ਜਾ ਸਕਦਾ ਹੈ।

**<u>ਸਿਫ਼ਾਰਿਸ਼ 38</u>: EOC ਦਾ ਮੰਨਣਾ ਹੈ ਕਿ ਇਸ ਸਮੇਂ ਲਿੰਗ, ਗਰਭ ਅਵਸਥਾ, ਵਿਵਾਹਕ ਸਥਿਤੀ ਜਾਂ ਪਰਿਵਾਰਕ ਸਥਿਤੀ ਉਤਪੀੜਨ ਦੀਆਂ ਸ਼ਰਤਾਂ ਪੇਸ਼ ਕਰਨ ਦੀ ਕੋਈ ਪ੍ਰਥਮਤਾ ਨਹੀਂ ਹੈ।**

4.15 ਇਸਤੋਂ ਇਲਾਵਾ, EOC ਨੇ ਜਾਤੀ ਅਤੇ ਅਪੰਗਤਾ ਅਤੇ ਸੈਕਸੁਅਲ ਉਤਪੀੜਨ ਦੇ ਆਧਾਰਾਂ ਤੇ ਉਤਪੀੜਨ ਦੀਆਂ ਮੌਜੂਦਾ ਪਰਿਭਾਸ਼ਾਵਾਂ ਵਿੱਚ ਸੰਭਵ ਸੋਧ ਕਰਨ ਬਾਰੇ ਰਾਇ ਲਈ ਸੀ। EOC ਇਸ ਬਾਰੇ ਫ਼ਿਕਰਮੰਦ ਹੈ ਕਿ ਪਰਿਭਾਸਾਵਾਂ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਵਿਪਰੀਤ ਹਨ ਅਤੇ ਪੂਰੀ ਤਰ੍ਹਾਂ ਸਪਸ਼ਟ ਨਹੀਂ ਹਨ। EOC ਮੰਨਦਾ ਹੈ ਕਿ ਉਤਪੀੜਨ ਦੀ ਪਰਿਭਾਸ਼ਾ ਨੂੰ ਉਤਪੀੜਨ ਦੇ ਸਾਰੇ ਰੂਪਾਂ ਲਈ ਅਨੁਕੂਲ ਬਣਾਇਆ ਜਾਏ, ਸੈਕਸੁਅਲ ਉਤਪੀੜਨ ਸਮੇਤ। ਇਹ ਦ੍ਰਿਸ਼ਟੀਕੋਣ ਤੁਲਨਾਤਮਕ ਨਿਆਂ ਅਧਿਕਾਰਾਂ ਵਿੱਚ ਲਿਆ ਜਾਂਦਾ ਹੈ ਅਤੇ ਪ੍ਰਸਤਾਵਾਂ ਤੇ ਸੰਸਥਾਵਾਂ ਵੱਲੋਂ ਵਿਚਾਰਨਯੋਗ ਸਮਰਥਨ ਪ੍ਰਾਪਤ ਹੋਇਆ ਸੀ, ਖ਼ਾਸ ਕਰਕੇ ਸੈਕਸੁਅਲ ਕਿਸਮ ਦੇ ਅਣਚਾਹੇ ਆਚਰਨ ਨਾਲ ਸਬੰਧਿਤ ਸੈਕਸੁਅਲ ਉਤਪੀੜਨ ਨੂੰ ਪਰਿਭਾਸ਼ਿਤ ਕਰਨ ਦੇ ਮੁਕਾਬਲੇ, ਜਾਤੀ ਸੰਬੰਧੀ ਅਤੇ ਅਪੰਗਤਾ ਉਤਪੀੜਨ ਦੀ ਜਾਂਚ ਦੇ ਅਨੁਰੂਪ ਸੈਕਸੁਅਲ ਉਤਪੀੜਨ ਦੀ ਜਾਂਚ ਕਰਨ ਦੀ ਸਮੱਸਿਆ ਤੇ।

**<u>ਸਿਫ਼ਾਰਿਸ਼ 39</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਨੂੰ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼, ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਅਤੇ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰਨਾ ਚਾਹੀਦਾ ਹੈ:**

- **ਸੈਕਸੁਅਲ ਕਿਸਮ ਦੇ ਆਚਰਨ ਦੀ ਲੋੜ ਵਾਲੇ ਸੈਕਸੁਅਲ ਉਤਪੀੜਨ ਦੇ ਅਧੀਨ, ਜਾਤੀ ਸੰਬੰਧੀ, ਅਪੰਗਤਾ ਅਤੇ ਸੈਕਸੁਅਲ ਉਤਪੀੜਨ ਦੀਆਂ ਪਰਿਭਾਸ਼ਾਵਾਂ; ਅਤੇ**
- **ਇਹ ਸਪਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਉਤਪੀੜਨ ਦੇ ਸਾਰੇ ਰੂਪਾਂ ਲਈ, ਪਰਿਭਾਸਾ ਦਾ ਕਾਲਪਨਿਕ ਅਤੇ ਵਾਸਤਵਿਕ ਦੋਵੇਂ ਤਰ੍ਹਾਂ ਦਾ ਤੱਤ ਹੈ।**

## E. ਅੰਤਰਵਿਭਾਗੀ ਪੱਖਪਾਤ[1]

4.16 EOC ਇਸ ਬਾਰੇ ਰਾਇ ਲਈ ਸੀ ਕਿ ਦੋ ਜਾਂ ਵੱਧ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਹੋਣ ਵਾਲੇ ਪੱਖਪਾਤ ਸਮੇਤ, ਅੰਤਰਵਿਭਾਗੀ ਪੱਖਪਾਤ ਤੇ ਉਚੇਚੀਆਂ ਸ਼ਰਤਾਂ ਹੋਣੀਆਂ ਚਾਹੀਦੀਆਂ ਹਨ ਜਾਂ ਨਹੀਂ। EOC ਨੇ ਹੋਰ ਵਿਸਤਾਰ ਵਿੱਚ ਕਨੂੰਨੀ ਸਮੱਸਿਆਵਾਂ ਤੇ ਵਿਚਾਰ ਕੀਤਾ ਅਤੇ ਮੰਨਦਾ ਹੈ ਕਿ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਦੀਆਂ ਮੌਜੂਦਾ ਸ਼ਰਤਾਂ ਅੰਤਰਵਿਭਾਗੀ ਪੱਖਪਾਤ ਦੀਆਂ ਸੰਭਾਵਿਤ ਸਥਿਤੀਆਂ ਵਿੱਚ ਲਾਗੂ ਕਰਨ ਲਈ ਕਾਫੀ ਹਨ ਅਤੇ ਜਿਹਨਾਂ ਲਈ ਸਮਾਨ ਨਿਆਂ ਅਧਿਕਾਰਾਂ ਵਿੱਚ ਕੋਈ ਸਮਾਨਾਰਥਕਤਾ ਨਹੀਂ ਹੈ। ਇਹ ਸ਼ਰਤਾਂ ਦਰਸਾਉਂਦੀਆਂ ਹਨ ਕਿ ਜਿੱਥੇ ਕੋਈ ਕੰਮ ਦੋ ਜਾਂ

[1] ਇਸ ਤੱਥ ਨਾਲ ਸਬੰਧਿਤ ਅੰਤਰਵਿਭਾਗੀ ਪੱਖਪਾਤ ਦੀ ਧਾਰਨਾ ਕਿ ਵਿਅਕਤੀਆਂ ਨਾਲ ਨਾ ਕੇਵਲ ਕਿਸੇ ਇੱਕ ਵਿਸ਼ੇਸ਼ਤਾ ਦੇ ਆਧਾਰ ਤੇ, ਬਲਕਿ ਕਈ ਵਿਸ਼ੇਸ਼ਤਾਵਾਂ ਦੇ ਸੁਮੇਲ ਜਾਂ ਅੰਤਰਵਿਭਾਗੀ ਦੇ ਆਧਾਰ ਤੇ ਵੀ ਘੱਟ ਅਨੁਕੂਲ ਵਿਵਹਾਰ ਕੀਤਾ ਜਾ ਸਕਦਾ ਹੈ।

ਵੱਧ ਕਾਰਨਾਂ ਕਰਕੇ ਕੀਤਾ ਜਾਂਦਾ ਹੈ ਅਤੇ ਉਹਨਾਂ ਵਿੱਚੋਂ ਇੱਕ ਕਾਰਨ ਵਿਅਕਤੀ ਦੀ ਰੱਖਿਆ ਵਿਸ਼ੇਸ਼ਤਾ ਹੈ, ਤਾਂ ਕੰਮ ਨੂੰ ਰੱਖਿਆ ਵਿਸ਼ੇਸ਼ਤਾ ਦੇ ਕਾਨ ਲਈ ਕੀਤਾ ਹੋਣਾ ਮੰਨਿਆ ਜਾਏਗਾ। ਇਸਨੂੰ ਦੇਖਦੇ ਹੋਏ, ਅੰਤਰਵਿਭਾਗੀ ਪੱਖਪਾਤ ਤੇ ਭਿੰਨ ਸ਼ਰਤਾਂ ਪੇਸ਼ ਕਰਨ ਲਈ ਘੱਟ ਨਿਆਂ ਅਧਿਕਾਰ ਹੈ ਅਤੇ ਇਹ ਕਿ ਉਹ ਇਸ ਸਮੇਂ ਜ਼ਰੂਰੀ ਨਹੀਂ ਹਨ। ਹਾਲਾਂਕਿ EOC ਲਗਾਤਾਰ, ਅੰਤਰਵਿਭਾਗੀ ਪੱਖਪਾਤ ਅਤੇ ਮੌਜੂਦਾ ਸ਼ਰਤਾਂ ਦੇ ਢੁਕਵੇਂਪਨ ਸੰਬੰਧੀ ਸਥਿਤੀ ਦਾ ਨਿਰੀਖਣ ਕਰਦਾ ਰਹੇਗਾ।

**<u>ਸਿਫ਼ਾਰਿਸ਼ 40</u>: ਅੰਤਰਵਿਭਾਗੀ ਪੱਖਪਾਤ ਦੇ ਸੰਬੰਧ ਵਿੱਚ, EOC ਮੰਨਦਾ ਹੈ ਕਿ ਪੱਖਪਾਤ, ਜਿੱਥੇ ਇਹ ਇੱਕ ਤੋਂ ਵੱਧ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਕਾਰਨ ਕੀਤਾ ਜਾਂਦਾ ਹੈ, ਤੋਂ ਰੱਖਿਆ ਦੇ ਸੰਬੰਧ ਵਿੱਚ ਮੌਜੂਦਾ ਸ਼ਰਤਾਂ ਪੂਰੀ ਰੱਖਿਆ ਮੁਹੱਈਆ ਕਰਦੀਆਂ ਹਨ ਅਤੇ ਇਸ ਸਮੇਂ ਅੰਤਰਵਿਭਾਗੀ ਪੱਖਪਾਤ ਤੇ ਸ਼ਰਤਾਂ ਪੇਸ਼ ਕਰਨਾ ਜ਼ਰੂਰੀ ਨਹੀਂ ਹੈ।**

### F. ਹੋਰ ਗੈਰਕਨੂੰਨੀ ਆਚਰਨ

(i) <u>ਮੁਖੀਆਂ ਅਤੇ ਏਜੰਟਾਂ ਦੀ ਜਵਾਬਦੇਹੀ</u>

4.17 EOC ਨੇ ਇਸ ਬਾਰੇ ਰਾਇ ਲਈ ਸੀ ਕਿ ਏਜੰਟਾਂ ਦੇ ਗੈਰਕਨੂੰਨੀ ਆਚਰਨ ਤੋਂ ਜਵਾਬਦੇਹੀ ਲਈ ਮੁਖੀਆਂ ਲਈ ਬਚਾਉ ਹੋਣਾ ਚਾਹੀਦਾ ਹੈ ਜਾਂ ਨਹੀਂ, ਜਿੱਥੇ ਮੁਖੀ ਨੇ ਗੈਰਕਨੂੰਨੀ ਆਚਰਨ ਨੂੰ ਰੋਕਣ ਲਈ ਉਚਿਤ ਰੂਪ ਨਾਲ ਵਿਹਾਰਕ ਕਦਮ ਚੁੱਕੇ। ਹਾਂਗ ਕਾਂਗ ਵਿੱਚ, ਵਰਤਮਾਨ ਵਿੱਚ ਅਜਿਹਾ ਬਚਾਉ ਕੇਵਲ ਮਾਲਕਾਂ ਦੀ ਜਵਾਬਦੇਹੀ ਲਈ ਮੌਜੂਦ ਹੈ, ਜੋ ਸਮਾਨ ਨਿਆਂ ਅਧਿਕਾਰਾਂ ਵਿੱਚ ਸ਼ਾਮਲ ਦ੍ਰਿਸ਼ਟੀਕੋਣਾਂ ਤੋਂ ਭਿੰਨ ਹੈ। ਪ੍ਰਸਤਾਵ ਵਿੱਚ ਸੰਸਥਾਵਾਂ ਵੱਲੋਂ ਰਾਇ ਜਵਾਬਾਂ ਵਿੱਚ ਜ਼ੋਰਦਾਰ ਸਮਰਥਨ ਵੀ ਦਰਸਾਇਆ, ਜਿਹਨਾਂ ਵਿੱਚੋਂ ਕਈਆਂ ਨੇ ਦੱਸਿਆ ਕਿ ਇਸਤੇ ਨਿਰਦੇਸ਼ਨ ਵੀ ਵਿਕਸਿਤ ਹੋਣਾ ਚਾਹੀਦਾ ਹੈ ਕਿ ਪੱਖਪਾਤ ਨੂੰ ਰੋਕਣ ਲਈ ਕਿਸਨੂੰ ਉਚਿਤ ਵਿਹਾਰਕ ਕਦਮ ਸਥਾਪਤ ਕੀਤਾ ਜਾਏਗਾ।

**<u>ਸਿਫ਼ਾਰਿਸ਼ 41</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਦੇ ਅਧੀਨ ਮੁਖੀਆਂ ਦੀ ਜਵਾਬਦੇਹੀ ਨਾਲ ਸਬੰਧਿਤ ਸ਼ਰਤਾਂ ਵਿੱਚ ਸੋਧ ਕਰੇ, ਜਿਵੇਂ ਉਹਨਾਂ ਕੋਲ ਬਚਾਉ ਹੋਵੇ, ਜਦੋਂ ਉਹਨਾਂ ਨੇ ਪੱਖਪਾਤ ਨੂੰ ਰੋਕਣ ਲਈ ਉਚਿਤ ਰੂਪ ਨਾਲ ਵਿਹਾਰਕ ਕਦਮ ਚੁੱਕੇ ਹੋਣ।**

(ii) <u>ਪੱਖਪਾਤੀ ਉਦੇਸ਼ ਲਈ ਜਾਣਕਾਰੀ ਦੀ ਮੰਗ ਕਰਨਾ ਜਾਂ ਲੋੜ ਹੋਣਾ</u>

4.18 EOC ਨੇ ਇਸ ਤੇ ਰਾਇ ਲਈ ਸੀ ਕਿ ਅਪੰਗਤਾ ਪੱਖਪਾਤ ਸੰਬੰਧੀ ਇੱਕ ਪੱਖਪਾਤੀ ਉਦੇਸ਼ ਲਈ ਬੇਨਤੀ ਦੀ ਮੰਗ ਕਰਨ ਤੇ ਰੋਕ ਨੂੰ ਸਾਰੀਆਂ ਮੌਜੂਦਾ ਸੁਰੱਖਿਅਤ ਵਿਸ਼ੇਸ਼ਤਾਵਾਂ ਲਈ ਵਧਾਇਆ ਜਾਣਾ ਚਾਹੀਦਾ ਹੈ ਜਾਂ ਨਹੀਂ। EOC ਦਾ ਮੰਨਣਾ ਹੈ ਕਿ ਇਹ ਯਕੀਨੀ ਬਣਾਏਗਾ ਕਿ ਰੱਖਿਆ ਦੇ ਅਨੁਕੂਲ ਅਤੇ ਸੰਗਤ ਪੱਧਰ ਹਨ। ਰਾਇ ਵਿੱਚ, ਕਈ ਹਿਮਾਇਤੀ ਸੰਸਥਾਵਾਂ ਨੇ ਆਪਣੀ ਧਾਰਨਾ ਨੂੰ ਧਿਆਨ ਵਿੱਚ ਰੱਖਿਆ ਕਿ ਇਹ ਪੱਖਪਾਤ-ਵਿਰੋਧੀ ਰੱਖਿਆ ਵਿੱਚ ਅਨੁਕੂਲਤਾ ਮੁਹੱਈਆ ਕਰੇਗਾ।

**<u>ਸਿਫ਼ਾਰਿਸ਼ 42</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਪੱਖਪਾਤੀ ਉਦੇਸ਼ ਲਈ ਜਾਣਕਾਰੀ ਦੀ ਮੰਗ ਕਰਨ ਤੇ ਰੋਕ ਮੁਹੱਈਆ ਕਰਨ ਲਈ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼, ਜਾਤੀ ਪੱਖਪਾਤ ਅਧਿਆਦੇਸ਼ ਅਤੇ ਪਰਿਵਾਰਕ ਸਥਿਤੀ ਅਧਿਆਦੇਸ਼ ਵਿੱਚ ਸੋਧ ਕਰੇ।**

## *ਭਾਗ 3: ਵਰਜਿਤ ਆਚਰਨ ਦੇ ਖੇਤਰ*

## A. ਖੇਡ ਸੰਬੰਧੀ ਗਤੀਵਿਧੀਆਂ ਵਿੱਚ ਪੱਖਪਾਤ ਤੇ ਰੋਕ

4.19 EOC ਨੇ ਇਸ ਬਾਰੇ ਰਾਇ ਲਈ ਸੀ ਕਿ ਖੇਡ ਸੰਬੰਧੀ ਗਤੀਵਿਧੀ ਵਿੱਚ ਅਪੰਗਤਾ ਪੱਖਪਾਤ ਤੋਂ ਮੌਜੂਦਾ ਉਚੇਚੀ ਰੱਖਿਆ ਦਾ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਵਿੱਚ ਵਿਸਤਾਰ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਵਰਤਮਾਨ ਵਿੱਚ, ਅਪੰਗਤਾ ਪੱਖਪਾਤ ਦੇ ਸੰਬੰਧ ਵਿੱਚ ਕੇਵਲ ਇੱਕ ਸਬੰਧਿਤ ਉਚੇਚੀ ਰੱਖਿਆ ਹੈ। ਹਾਲਾਂਕਿ ਕੁਝ ਅਜਿਹੀਆਂ ਸਥਿਤੀਆਂ ਹਨ, ਜਿਹਨਾਂ ਵਿੱਚ ਖੇਡ ਸੰਬੰਧੀ ਗਤੀਵਿਧੀ ਵਿੱਚ ਭਾਗੀਦਾਰੀ ਨੂੰ ਵਸਤਾਂ, ਸੇਵਾਵਾਂ ਅਤੇ ਸਹੂਲਤਾਂ ਦੇ ਪ੍ਰਬੰਧ ਦੇ ਅਧੀਨ ਸ਼ਾਮਲ ਕੀਤਾ ਜਾ ਸਕਦਾ ਹੈ, ਹੋਰ ਸਮੱਸਿਆਵਾਂ ਹੋ ਸਕਦੀਆਂ ਹਨ, ਜਿੱਥੇ ਸਬੰਧਿਤ ਸ਼ਰਤਾਂ ਲਾਗੂ ਨਹੀਂ ਹੋਣਗੀਆਂ, ਰੈਫਰੀਆਂ, ਕੋਚਿੰਗ ਅਤੇ ਖੇਡ ਦੇ ਪ੍ਰਸ਼ਾਸਨ ਵੱਲੋਂ ਕਿਰਿਆਵਾਂ ਸਮੇਤ। EOC ਮੰਨਦਾ ਹੈ ਕਿ ਅਨੁਕੂਲਤਾ ਦੇ ਕਾਰਨਾਂ ਲਈ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਖੇਡ ਗਤੀਵਿਧੀਆਂ ਵਿੱਚ ਭਾਗੀਦਾਰੀ ਨਾਲ ਸਬੰਧਿਤ ਪੱਖਪਾਤ ਤੋਂ ਉਚੇਚੀ ਰੱਖਿਆ ਹੋਣਾ ਸਹੀ ਹੈ।

**<u>ਸਿਫ਼ਾਰਿਸ਼ 43</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਖੇਡ ਸੰਬੰਧੀ ਗਤਿਵਿਧੀ ਵਿੱਚ ਪੱਖਪਾਤ ਤੋਂ ਰੱਖਿਆ ਮੁਹੱਈਆ ਕਰਨ ਲਈ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼, ਜਾਤੀ ਪੱਖਪਾਤ ਅਧਿਆਦੇਸ਼ ਅਤੇ ਪਰਿਵਾਰਕ ਸਥਿਤੀ ਅਧਿਆਦੇਸ਼ ਵਿੱਚ ਸੋਧ ਕਰੇ।**

## B. ਉਤਪੀੜਨ ਸੰਬੰਧੀ ਹੋਰ ਸਮੱਸਿਆਵਾਂ

### (i) <u>ਉਤਪੀੜਨ ਲਈ ਵਿਦਿਅਕ ਅਦਾਰਿਆਂ ਦੀ ਜਵਾਬਦੇਹੀ</u>

4.20 EOC ਨੇ ਇਸਤੇ ਰਾਇ ਲਈ ਸੀ ਕਿ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਲਈ ਨਵੀਆਂ ਉਤਪੀੜਨ ਸ਼ਰਤਾਂ ਪੇਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਾਂ ਨਹੀਂ, ਜੋ ਵਿਦਿਅਕ ਅਦਾਰਿਆਂ ਦੇ ਜਵਾਬਦੇਹੀ ਦੀ ਸ਼ਰਤ ਰੱਖਦੀਆਂ ਹਨ, ਜਿੱਥੇ ਉਹਨਾਂ ਨੂੰ ਵਿਦਿਆਰਥੀਆਂ ਵਿਚਕਾਰ ਉਤਪੀੜਨ ਦਾ ਅਤੇ ਉਚਿਤ ਕਾਰਵਾਈ ਕਰਨ ਵਿੱਚ ਅਸਫਲ ਹੋਣ ਤੇ ਨੋਟਿਸ ਭੇਜਿਆ ਜਾਏਗਾ। ਵਰਤਮਾਨ ਵਿੱਚ, ਕਿਸੇ ਵਿਦਿਅਕ ਅਦਾਰੇ ਦੇ ਉਸ ਵਿਦਿਆਰਥੀ ਤੇ ਹੀ ਜਵਾਬਦੇਹੀ ਹੈ, ਜੋ ਦੂਜੇ ਵਿਦਿਆਰਥੀ ਦਾ ਸੈਕਸੁਅਲ ਉਤਪੀੜਨ ਕਰਦਾ ਹੈ। EOC ਨੇ ਅੱਗੇ ਕਨੂੰਨੀ ਸਮੱਸਿਆਵਾਂ ਤੇ ਵਿਚਾਰ ਕੀਤਾ ਅਤੇ ਸਾਡੇ ਵਿਚਾਰ ਵਿੱਚ, ਜਾਤੀ ਸੰਬੰਧੀ, ਅਪੰਗਤਾ ਜਾਂ ਸੈਕਸੁਅਲ ਉਤਪੀੜਨ ਦੇ ਸੰਬੰਧ ਵਿੱਚ ਵਿਦਿਅਕ ਅਦਾਰਿਆਂ ਲਈ ਪਹਿਲਾਂ ਹੀ ਕੋਈ ਅਜਿਹੀ ਜਵਾਬਦੇਹੀ ਹੋ ਸਕਦੀ ਹੈ। DDO, RDO ਅਤੇ SDO ਦੀਆਂ ਵਿਦਿਅਕ ਸ਼ਰਤਾਂ ਦੇ ਅਧੀਨ, ਕਿਸੇ ਵਿਦਿਆਰਥੀ ਦੀ "ਕਿਸੇ ਹੋਰ ਹਾਨੀ" ਦੇ ਅਧੀਨ ਹੋਣਾ ਵਿਦਿਅਕ ਅਦਾਰਿਆਂ ਲਈ ਗੈਰਕਨੂੰਨੀ ਹੈ; EOC ਦਾ ਵਿਚਾਰ ਹੈ ਕਿ ਇਸ ਵਿੱਚ ਉਹ ਸਥਿਤੀਆਂ ਸ਼ਾਮਲ ਹੋ ਸਕਦੀਆਂ ਹਨ, ਜਿੱਥੇ ਦੂਜੇ ਵਿਦਿਆਰਥੀ ਵੱਲੋਂ ਕਿਸੇ ਵਿਦਿਆਰਥੀ ਦੇ ਉਤਪੀੜਨ ਲਈ ਅਤੇ ਫਿਰ ਉਤਪੀੜਨ ਨੂੰ ਰੋਕਣ ਅਤੇ ਉਤਪੀੜਨ ਕਰਨ ਵਾਲੇ ਵਿਦਿਆਰਥੀ ਨੂੰ ਸਜ਼ਾ ਦੇਣ ਲਈ ਕਾਰਵਾਈ ਕਰਨ ਵਿੱਚ ਅਸਫਲ ਹੋਣ ਤੇ ਵਿਦਿਅਕ ਅਦਾਰਿਆਂ ਨੂੰ ਨੋਟਿਸ ਭੇਜਿਆ ਜਾਂਦਾ ਹੈ।

**<u>ਸਿਫ਼ਾਰਿਸ਼ 44</u>: ਮੌਜੂਦਾ ਸ਼ਰਤਾਂ ਦੇ ਖੇਤਰ ਨੂੰ ਦੇਖਦੇ ਹੋਏ, EOC ਦਾ ਮੰਨਣਾ ਹੈ ਕਿ ਇਸ ਸਮੇਂ ਵਿਦਿਅਕ ਅਦਾਰਿਆਂ ਤੇ ਜਵਾਬਦੇਹੀ ਦੀ ਸ਼ਰਤ ਰੱਖਣਾ ਗੈਰ ਜ਼ਰੂਰੀ ਹੈ, ਜਿੱਥੇ ਉਹਨਾਂ ਨੂੰ ਵਿਦਿਆਰਥੀਆਂ ਵਿਚਕਾਰ ਸੈਕਸੁਅਲ, ਜਾਤੀ ਸੰਬੰਧੀ ਜਾਂ ਅਪੰਗਤਾ ਉਤਪੀੜਨ ਦਾ ਅਤੇ ਉਚਿਤ ਕਾਰਵਾਈ ਕਰਨ ਵਿੱਚ ਅਸਫਲ ਹੋਣ ਤੇ ਨੋਟਿਸ ਭੇਜਿਆ ਜਾਂਦਾ ਹੈ।**

### (ii) <u>ਸੇਵਾ ਵਰਤੋਂਕਾਰਾਂ ਦੀ ਦੂਜੇ ਸੇਵਾ ਵਰਤੋਂਕਾਰਾਂ ਦਾ ਉਤਪੀੜਨ ਕਰਨ ਦੇ ਪ੍ਰਤੀ ਜਵਾਬਦੇਹੀ</u>

4.21 EOC ਨੇ ਇਸ ਬਾਰੇ ਰਾਇ ਲਈ ਸੀ ਕਿ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਲਈ ਨਵੀਆਂ ਉਤਪੀੜਨ ਸ਼ਰਤਾਂ ਪੇਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਾਂ ਨਹੀਂ, ਜੋ ਸੇਵਾ ਵਰਤੋਂਕਾਰਾਂ ਤੇ ਦੂਜੇ ਸੇਵਾ ਵਰਤੋਂਕਾਰਾਂ ਦਾ ਉਤਪੀੜਨ ਕਰਨ ਦੀ ਜਵਾਬਦੇਹੀ ਦੀ ਸ਼ਰਤ ਰੱਖਦੀਆਂ ਹਨ। ਸਮਾਨ ਨਿਆਂ ਅਧਿਕਾਰਾਂ ਵਿੱਚ ਕੋਈ ਅਜਿਹੀ ਜਵਾਬਦੇਹੀ ਮੌਜੂਦ ਨਹੀਂ ਹੈ। ਇਸਤੋਂ ਇਲਾਵਾ, ਹਾਂਗ ਕਾਂਗ ਵਿੱਚ ਅਜਿਹੀਆਂ ਕੁਝ ਸਥਿਤੀਆਂ ਵਿੱਚ ਅਪਰਾਧਿਕ ਕਨੂੰਨ ਲਾਗੂ ਹੋ ਸਕਦਾ ਹੈ, ਉਦਾਹਰਨ ਲਈ ਜੇਕਰ ਸੈਕਸੁਅਲ ਉਤਪੀੜਨ ਸੈਕਸੁਅਲ ਬਲਾਤਕਾਰ ਦੀ ਸੀਮਾ ਤੱਕ ਕੀਤਾ ਜਾਂਦਾ ਹੈ। ਨਾਲ ਹੀ, ਸਧਾਰਨ ਤੌਰ ਤੇ, ਪੱਖਪਾਤ-ਵਿਰੋਧੀ ਵਿਧਾਨ ਉਹਨਾਂ ਸਥਿਤੀਆਂ ਵਿੱਚ ਰੱਖਿਆ ਮੁਹੱਈਆ ਕਰਨ ਦੀ ਮੰਗ ਕਰਦਾ ਹੈ, ਜਿੱਥੇ ਜਨਤਕ ਥਾਵਾਂ ਵਿੱਚ ਸਧਾਰਨ ਗਤੀਵਿਧੀਆਂ ਦੀ ਬਜਾਏ ਦੇਖਭਾਲ ਅਤੇ ਜ਼ਿੰਮੇਵਾਰੀ ਵਿੱਚ ਸ਼ਾਮਲ ਮਹੱਤਵਪੂਰਣ ਸੰਬੰਧ, ਜਿਵੇਂ ਰੁਜ਼ਗਾਰ ਅਤੇ ਸਿੱਖਿਆ।

**<u>ਸਿਫ਼ਾਰਿਸ਼ </u>45: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਇਸ ਸਮੇਂ ਦੂਜੇ ਸੇਵਾ ਵਰਤੋਂਕਾਰਾਂ ਵੱਲੋਂ ਸੇਵਾ ਵਰਤੋਂਕਾਰਾਂ ਦੇ ਸੈਕਸੁਅਲ, ਜਾਤੀ ਸੰਬੰਧੀ ਜਾਂ ਅਪੰਗਤਾ ਉਤਪੀੜਨ ਨੂੰ ਰੋਕਣ ਦੀਆਂ ਸ਼ਰਤਾਂ ਪੇਸ਼ ਕਰਨਾ ਗੈਰ ਜ਼ਰੂਰੀ ਹੈ।**

### *ਭਾਗ 4: ਸਮਾਨਤਾ ਨੂੰ ਵਧਾਉਣਾ ਅਤੇ ਮੁੱਖ ਧਾਰਾ ਵਿੱਚ ਲਿਆਉਣਾ*

4.22 EOC ਨੇ ਵਿਚਾਰਕਤਾ ਅਤੇ ਖ਼ਾਸ ਉਪਾਵਾਂ ਨਾਲ ਸਬੰਧਿਤ ਸਮੱਸਿਆਵਾਂ ਤੇ ਰਾਇ ਲਈ ਸੀ। ਸਭ ਤੋਂ ਪਹਿਲਾਂ, EOC ਮੰਨਦਾ ਹੈ ਕਿ, ਸਮਾਨ ਅੰਤਰਰਾਸ਼ਟਰੀ ਨਿਆਂ ਅਧਿਕਾਰਾਂ ਵਿੱਚ ਹੋਣ ਵਾਂਗ, ਇਹ ਪੱਖਪਾਤ (ਅਤੇ ਇਸਲਈ ਪੱਖਪਾਤ ਦਾ ਇੱਕ ਕਨੂੰਨੀ ਰੂਪ) ਦੇ ਸਿਧਾਂਤ ਵਿੱਚ ਛੋਟਾਂ ਦੀ ਬਜਾਇ, ਅਸਲੀ ਸਮਾਨਤਾ ਵਧਾਉਣ ਲਈ ਪੂਰਵ ਸਕਿਰਿਆ ਉਪਾਵਾਂ ਵਾਂਗ ਖ਼ਾਸ ਉਪਾਵਾਂ ਤੇ ਵਿਚਾਰ ਕਰਨਾ ਸਹੀ ਹੋਵੇਗਾ। ਸੰਸਥਾਵਾਂ ਵੱਲੋਂ ਇਸ ਪ੍ਰਸਤਾਵ ਨੂੰ ਕਾਫੀ ਸਮਰਥਨ ਕੀਤਾ ਗਿਆ ਸੀ, ਜਿਹਨਾਂ ਵਿੱਚੋਂ ਕੁਝ ਨੇ ਇਸ ਤੱਥ ਦਾ ਹਵਾਲਾ ਦਿੱਤਾ ਸੀ ਕਿ ਅੰਤਰਰਾਸ਼ਟਰੀ ਮਨੁੱਖੀ ਹੱਕ ਬੰਦਸ਼ਾਂ ਵਿੱਚ ਖ਼ਾਸ ਉਪਾਵਾਂ ਦੀ ਅਨੁਮਤੀ ਦੇਣ ਵਾਲੀਆਂ ਸ਼ਰਤਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ ਅਤੇ ਇਸਲਈ ਇਹਨਾਂ ਦੇ ਮਹੱਤਵ ਨੂੰ ਮਾਨਤਾ ਦਿੱਤੀ ਜਾਂਦੀ ਹੈ।

4.23 ਇਸਤੋਂ ਇਲਾਵਾ, ਮੌਜੂਦਾ ਪਰਿਭਾਸ਼ਾ ਵਿੱਚ ਖ਼ਾਸ ਉਪਾਵਾਂ ਦੇ ਉਦੇਸ਼ਾਂ, ਸ਼ਰਤਾਂ ਦੇ ਖੇਤਰ ਅਤੇ ਕਨੂੰਨੀ ਹੋਣ ਦੇ ਸੰਦਰਭ ਵਿੱਚ ਉਹਨਾਂ ਦੀਆਂ ਸੀਮਾਵਾਂ ਬਾਰੇ ਸਪਸ਼ਟਤਾ ਦੀ ਘਾਟ ਹੈ। ਇਸਦੀ ਤੁਲਨਾ ਸਮਾਨ ਨਿਆਂ ਅਧਿਕਾਰਾਂ ਵਿੱਚ ਅਪਨਾਏ ਗਏ ਦ੍ਰਿਸ਼ਟੀਕੋਣਾਂ ਨਾਲ ਕੀਤੀ ਜਾ ਸਕਦੀ ਹੈ, ਜੋ ਆਪਣੇ ਉਦੇਸ਼ ਅਤੇ ਸਥਿਤੀਆਂ, ਜਿਹਨਾਂ ਵਿੱਚ ਉਹਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਉਹ ਕਦੋਂ ਖ਼ਤਮ ਹੋਣਗੇ, ਦੇ ਸੰਦਰਭ ਵਿੱਚ ਵੱਧ ਸਪਸ਼ਟ ਹਨ। ਰਾਇ ਜਵਾਬਾਂ ਵਿੱਚ, ਇਸ ਪ੍ਰਸਤਾਵ ਤੇ ਵੀ ਸੰਸਥਾਵਾਂ ਵੱਲੋਂ ਜ਼ੋਰਦਾਰ ਸਮਰਥਨ ਕੀਤਾ ਗਿਆ ਸੀ।

**<u>ਸਿਫ਼ਾਰਿਸ਼ 46</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹਨਾਂ ਰਾਹੀਂ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਦੇ ਅਧੀਨ ਖ਼ਾਸ ਉਪਾਅ ਸ਼ਰਤਾਂ ਵਿੱਚ ਸੋਧ ਕਰੇ:**

- **ਗੈਰ-ਪੱਖਪਾਤ ਦੀਆਂ ਛੋਟਾਂ ਦੀ ਬਜਾਇ ਅਸਲੀ ਸਮਾਨਤਾ ਵਧਾਉਣ ਲਈ ਉਪਾਵਾਂ ਦੇ ਤੌਰ ਤੇ ਪੱਖਪਾਤ ਵਿਧਾਨ ਵਿੱਚ ਉਹਨਾਂ ਤੇ ਵਿਚਾਰ ਕਰਨਾ ਅਤੇ ਸਥਾਪਤ ਕਰਨਾ; ਅਤੇ**
- **ਖ਼ਾਸ ਉਪਾਵਾਂ ਦੇ ਉਦੇਸ਼, ਸਥਿਤੀਆਂ, ਜਿਹਨਾਂ ਵਿੱਚ ਉਹਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਉਹ ਕਦੋਂ ਖ਼ਤਮ ਹੋਣਗੇ, ਦੇ ਸੰਦਰਭ ਵਿੱਚ ਉਹਨਾਂ ਦੀ ਪਰਿਭਾਸ਼ਾ ਨੂੰ ਵੱਧ ਸਪਸ਼ਟ ਬਣਾਉਣਾ।**

## *ਭਾਗ 5: EOC ਦੀਆਂ ਅਦਾਲਤੀ ਕਾਰਵਾਈਆਂ, ਅਧਿਕਾਰ ਅਤੇ ਸੰਵਿਧਾਨ ਦੇ ਪੱਖ*

### A. ਅਦਾਲਤੀ ਕਾਰਵਾਈਆਂ ਦੇ ਪੱਖ

(i) EOC ਕੁਝ ਮਾਮਲਿਆਂ ਵਿੱਚ ਆਪਣੇ ਕਨੂੰਨੀ ਖਰਚੇ ਰਿਕਵਰ ਕਰਦਾ ਹੈ

4.24 EOC ਨੇ ਇਸ ਬਾਰੇ ਰਾਇ ਲਈ ਸੀ ਕਿ ਇਹ ਯਕੀਨੀ ਬਣਾਉਣ ਲਈ ਕਿ EOC ਆਪਣੇ ਕਨੂੰਨੀ ਖਰਚੇ ਰਿਕਵਰ ਕਰ ਸਕਦਾ ਹੈ, ਜਿੱਥੇ ਦਾਅਵੇਦਾਰਾਂ ਨੂੰ ਖਰਚੇ ਦਿੱਤੇ ਜਾਂਦੇ ਹਨ, ਪੱਖਪਾਤ ਕਨੂੰਨ ਵਿੱਚ ਸੋਧ ਹੋਣੇ ਚਾਹੀਦੇ ਹਨ ਜਾਂ ਨਹੀਂ। ਵਰਤਮਾਨ ਵਿੱਚ, ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸ਼ਰਤ ਹੈ ਕਿ EOC ਆਪਣੇ ਖਰਚੇ ਰਿਕਵਰ ਕਰ ਸਕਦਾ ਹੈ (ਉਦਾਹਰਨ ਲਈ ਇੱਕ ਮਾਹਰ ਰਿਪੋਰਟ ਤਿਆਰ ਕਰਨਾ), ਪਰ ਕਨੂੰਨੀ ਖਰਚੇ ਨਹੀਂ (ਉਦਾਹਰਨ ਲਈ ਕਿਸੇ ਦਾਅਵੇਦਾਰ ਦੇ ਵੱਲੋਂ ਬਿਨੈਕਾਰਾਂ ਦੇ ਤੌਰ ਤੇ ਕੰਮ ਕਰਨ ਦੇ ਖਰਚੇ)। ਇਹ ਹੋਰਾਂ ਅੰਤਰਰਾਸ਼ਟਰੀ ਨਿਆਂ ਅਧਿਕਾਰਾਂ ਤੋਂ ਭਿੰਨ ਹੈ। ਕਈ ਸੰਸਥਾਵਾਂ ਨੇ ਪ੍ਰਸਤਾਵ ਲਈ ਆਪਣਾ ਸਮਰਥਨ ਵੀ ਦਿੱਤਾ ਸੀ, ਇਸਤੇ ਵਿਚਾਰ ਕਰਦੇ ਹੋਏ ਕਿ EOC ਨੂੰ ਵਿੱਤੀ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ, ਜਦੋਂ ਸਫਲ ਦਾਅਵਿਆਂ ਵਿੱਚ ਕਨੂੰਨੀ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ।

**ਸਿਫ਼ਾਰਿਸ਼ 47: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹ ਸ਼ਰਤ ਰੱਖਣ ਲਈ ਕਿ EOC ਆਪਣੇ ਕਨੂੰਨੀ ਖਰਚੇ ਰਿਕਵਰ ਕਰ ਸਕਦਾ ਹੈ, ਜਿੱਥੇ ਇਹ ਕਿਸੇ ਦਾਅਵੇਦਾਰ ਨੂੰ ਕਨੂੰਨੀ ਸਹਾਇਤਾ ਮੁਹੱਈਆ ਕਰਦਾ ਹੈ, ਦਾਅਵੇਦਾਰ ਜਿੱਤ ਜਾਂਦਾ ਹੈ ਅਤੇ ਉਸਨੂੰ ਖਰਚੇ ਦਿੱਤੇ ਜਾਂਦੇ ਹਨ, ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰੇ।**

(ii) EOC ਦਾ ਪੱਖਪਾਤੀ ਪ੍ਰੈਕਟਿਸਾਂ ਲਈ ਆਪਣੇ ਖੁਦ ਦੇ ਨਾਮ ਤੇ ਕਾਰਵਾਈਆਂ ਸ਼ੁਰੂ ਕਰਨਾ

4.25 EOC ਨੇ ਇਸ ਬਾਰੇ ਰਾਇ ਲਈ ਸੀ ਕਿ, ਆਪਣੇ ਹੋਰ ਅਧਿਕਾਰਾਂ ਦੇ ਅਨੁਕੂਲ ਕਾਰਨਾਂ ਲਈ, EOC ਨੂੰ ਪੱਖਪਾਤੀ ਪ੍ਰੈਕਟਿਸਾਂ ਲਈ ਆਪਣੇ ਖੁਦ ਦੇ ਨਾਮ ਤੇ ਕਾਰਵਾਈਆਂ ਸ਼ੁਰੂ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਜਾਂ ਨਹੀਂ। ਵਰਤਮਾਨ ਵਿੱਚ, EOC ਪੱਖਪਾਤੀ ਅਭਿਆਸਾਂ ਦੇ ਸੰਬੰਧ ਵਿੱਚ ਆਪਣੇ ਖੁਦ ਦੇ ਨਾਮ ਤੇ ਕਾਰਵਾਈਆਂ ਸ਼ੁਰੂ ਨਹੀਂ ਕਰ ਸਕਦਾ, ਜੋ ਇਹਨਾਂ ਕਥਿਤ ਉਲੰਘਣਾਵਾਂ ਦੀਆਂ ਕਾਰਵਾਈਆਂ ਦੇ ਉਲਟ ਹੈ: ਕਿਸੇ ਨੂੰ ਜਾਣਕਾਰੀ ਮੁਹੱਈਆ ਕਰਨ ਦੀ ਬੇਨਤੀ ਕਰਨਾ; ਪੱਖਪਾਤੀ ਇਸ਼ਤਿਹਾਰ; ਪੱਖਪਾਤ ਕਰਨ ਦੇ ਨਿਰਦੇਸ਼ ਅਤੇ ਪੱਖਪਾਤ ਕਰਨ ਲਈ ਦਬਾਅ। EOC ਨੇ 1999 ਅਤੇ 2000 ਵਿੱਚ ਸਰਕਾਰ ਨੂੰ ਇਸ ਸਮੱਸਿਆ ਬਾਰੇ ਬੇਨਤੀਆਂ ਕੀਤੀਆਂ ਹਨ, ਜਿਸ ਲਈ ਸਰਕਾਰ ਨੇ ਸਧਾਰਨ ਤੌਰ ਤੇ ਸਹਿਮਤੀ ਦਿੱਤੀ ਸੀ ਹਾਲਾਂਕਿ ਅੱਜ ਤੱਕ ਇਸ ਬਾਰੇ ਕੁਝ ਹੋਇਆ ਨਹੀਂ ਹੈ। ਰਾਇ ਜਵਾਬਾਂ ਵਿੱਚ, ਕਈ ਸੰਸਥਾਵਾਂ ਨੇ EOC ਦੇ ਪ੍ਰਸਤਾਵ ਦਾ ਸਮਰਥਨ ਕੀਤਾ ਸੀ, ਇਸਤੇ ਵਿਚਾਰ ਕਰਦੇ ਹੋਏ ਕਿ ਇਹ ਲਾਜ਼ਮੀ ਹੈ ਕਿ EOC ਕੋਲ ਅਜਿਹੇ ਅਧਿਕਾਰ ਹੋਣ, ਜਿੱਥੇ, ਉਦਾਹਰਨ ਲਈ, ਪੱਖਪਾਤ ਦਾ ਪੀੜਿਤ ਕੋਈ ਵਿਅਕਤੀ ਕਾਰਵਾਈ ਕਰਨ ਤੋਂ ਡਰਦਾ ਹੋਵੇ।

**ਸਿਫ਼ਾਰਿਸ਼ 48: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਨੂੰ EOC ਨੂੰ ਪੱਖਪਾਤੀ ਪ੍ਰੈਕਟਿਸਾਂ ਲਈ ਆਪਣੇ ਖੁਦ ਦੇ ਨਾਮ ਤੇ ਕਾਰਵਾਈਆਂ ਸ਼ੁਰੂ ਕਰਨ ਵਿੱਚ ਸਮਰੱਥ ਕਰਨ ਲਈ ਚਾਰ-ਪੱਖਪਾਤ ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰਨਾ ਚਾਹੀਦਾ ਹੈ।**

### B. EOC ਦੇ ਅਧਿਕਾਰ ਅਤੇ ਸੰਵਿਧਾਨਕ ਪ੍ਰਬੰਧ

(i) EOC ਦੇ ਅਧਿਕਾਰ

4.26 EOC ਨੇ ਮੁੱਖ ਤੌਰ ਤੇ ਵਿਧਾਨ ਵਿੱਚ ਆਪਣੇ ਅਧਿਕਾਰਾਂ ਜਾਂ ਸਥਾਨ ਨੂੰ ਸਪਸ਼ਟ ਕਰਨ ਨਾਲ ਸਬੰਧਿਤ ਕਈ ਸਮੱਸਿਆਵਾਂ ਤੇ ਰਾਇ ਲਈ ਸੀ, ਜੋ EOC ਪਹਿਲਾਂ ਹੀ ਵਿਹਾਰਕ ਰੂਪ ਨਾਲ ਕਰਦਾ ਹੈ।

4.27 ਪਹਿਲੀ ਸਮੱਸਿਆ ਵਿੱਚ ਇਹ ਸ਼ਾਮਲ ਕੀਤਾ ਗਿਆ ਸੀ ਕਿ ਪੱਖਪਾਤ ਕਨੂੰਨ ਵਿੱਚ ਇੱਕ ਉਚੇਚਾ ਅਧਿਕਾਰ ਸ਼ਾਮਲ ਹੋਣਾ ਚਾਹੀਦਾ ਹੈ ਜਾਂ ਨਹੀਂ ਕਿ EOC ਗੈਰ-ਸੰਵਿਧਾਨਕ ਨਿਰਦੇਸ਼ਨ ਪੇਸ਼ ਕਰ ਸਕਦਾ ਹੈ ਜਾਂ ਨਹੀਂ। ਅੰਤਰਰਾਸ਼ਟਰੀ ਨਿਆਂ ਅਧਿਕਾਰਾਂ ਦੇ ਨਾਲ-ਨਾਲ ਕੁਝ ਸੰਵਿਧਾਨਕ ਸੰਸਥਾਵਾਂ ਨਾਲ ਸਥਾਨਕ ਦੋਵਾਂ ਵਿੱਚ, ਅਜਿਹਾ ਨਿਰਦੇਸ਼ਨ ਪੇਸ਼ ਕਰਨ ਦਾ ਅਧਿਕਾਰ ਸਪਸ਼ਟ ਰੂਪ ਨਾਲ ਵਿਧਾਨ ਵਿੱਚ ਮੁਹੱਈਆ ਕੀਤਾ ਗਿਆ ਹੈ। ਵਿਵਹਾਰਕ ਤੌਰ ਤੇ, EOC ਪਹਿਲਾਂ ਹੀ ਸਮੇਂ-ਸਮੇਂ ਤੇ ਅਜਿਹਾ ਗੈਰ-ਸੰਵਿਧਾਨਕ ਨਿਰਦੇਸ਼ਨ ਜਾਰੀ ਕਰਦਾ ਹੈ।

**<u>ਸਿਫ਼ਾਰਿਸ਼ 49</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹ ਸ਼ਰਤ ਰੱਖਣ ਲਈ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰੇ ਕਿ EOC ਨੂੰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਤੇ ਗੈਰ-ਸੰਵਿਧਾਨਕ ਨਿਰਦੇਸ਼ਨ ਪੇਸ਼ ਕਰਨ ਦਾ ਅਧਿਕਾਰ ਹੈ।**

4.28 ਦੂਜੀ ਸਮੱਸਿਆ ਇਸ ਨਾਲ ਸਬੰਧਿਤ ਸੀ ਕਿ ਰਸਮੀ ਜਾਂਚ ਸ਼ਰਤਾਂ ਵਿੱਚ ਸਧਾਰਨ ਅਤੇ ਵਿਸ਼ੇਸ਼ ਜਾਂਚਾਂ ਵਿਚਕਾਰਲੇ ਅੰਤਰ ਨੂੰ ਵੱਧ ਸਪਸ਼ਟਤਾ ਨਾਲ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਸਧਾਰਨ ਜਾਂਚਾਂ ਕਿਸੇ ਖ਼ਾਸ ਖੇਤਰ ਨਾਲ ਸਬੰਧਿਤ ਹੁੰਦੀਆਂ ਹਨ ਅਤੇ ਵਿਸ਼ੇਸ਼ ਜਾਂਚਾਂ ਕਿਸੇ ਵਿਸ਼ੇਸ਼ ਸੰਸਥਾ ਜਾਂ ਵਿਅਕਤੀਆਂ ਨਾਲ ਸਬੰਧਿਤ ਹੁੰਦੀਆਂ ਹਨ। ਵਰਤਮਾਨ ਵਿੱਚ, ਹਾਲਾਂਕਿ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸ਼ਰਤ ਹੈ ਕਿ EOC ਕਿਸੇ ਵੀ ਵਿਸ਼ੇ ਤੇ ਰਸਮੀ ਜਾਂਚਾਂ ਕਰ ਸਕਦਾ ਹੈ, ਜੋ ਇਸਦੇ ਕੰਮਾਂ ਨਾਲ ਸਬੰਧਿਤ ਹੋਵੇ, ਸ਼ਰਤਾਂ ਵਿੱਚ ਦੋਵੇਂ ਪ੍ਰਕਾਰ ਦੀਆਂ ਜਾਂਚਾਂ ਵਿਚਕਾਰਲੇ ਅੰਤਰ ਨੂੰ ਜ਼ਿਆਦਾ ਸਪਸ਼ਟ ਨਹੀਂ ਦੱਸਿਆ ਗਿਆ ਹੈ। ਇਹ ਤੁਲਨਾਤਮਕ ਨਿਆਂ ਅਧਿਕਾਰਾਂ ਦੇ ਦ੍ਰਿਸ਼ਟੀਕੋਣਾਂ ਦੇ ਉਲਟ ਹੈ। ਜਨਤਕ ਰਾਇ ਵਿੱਚ, ਸੰਸਥਾਵਾਂ ਵੱਲੋਂ ਇਸਦਾ ਜ਼ੋਰਦਾਰ ਸਮਰਥਨ ਕੀਤਾ ਗਿਆ ਸੀ, ਜਿਹਨਾਂ ਵਿੱਚੋਂ ਜ਼ਿਆਦਾ ਸਹਿਮਤ ਸਨ ਕਿ ਇਹ ਵਿਧਾਨ ਨੂੰ ਵੱਧ ਸਪਸ਼ਟ ਬਣਾਉਣ ਵਿੱਚ ਮਦਦ ਕਰੇਗਾ।

**<u>ਸਿਫ਼ਾਰਿਸ਼ 50</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਦੋ ਵੱਖ ਪ੍ਰਕਾਰ ਦੀਆਂ ਰਸਮੀ ਜਾਂਚਾਂ (ਸਧਾਰਨ ਅਤੇ ਵਿਸ਼ੇਸ਼), ਜੋ ਕੀਤੀਆਂ ਜਾ ਸਕਦੀਆਂ ਹਨ, ਵਿਚਕਾਰਲੇ ਅੰਤਰਾਂ ਨੂੰ ਵੱਧ ਸਪਸ਼ਟਤਾ ਨਾਲ ਦਿੱਤੇ ਜਾਣ ਲਈ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰੇ।**

4.29 ਤੀਜੀ ਸਮੱਸਿਆ ਵਿੱਚ ਇਹ ਸ਼ਾਮਲ ਕੀਤਾ ਗਿਆ ਸੀ ਕਿ ਰਸਮੀ ਜਾਂਚਾਂ ਦੇ ਸੰਬੰਧ ਵਿੱਚ, EOC ਵੱਲੋਂ ਸਵੈਇੱਛਤ ਰੂਪ ਨਾਲ ਬੱਧ ਇਕਰਾਰਨਾਮਿਆਂ[2] ਦੀ ਅਨੁਮਤੀ ਦਿੰਦੇ ਹੋਏ ਸ਼ਰਤਾਂ ਪੇਸ਼ ਅਤੇ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਾਂ ਨਹੀਂ। ਵਰਤਮਾਨ ਵਿੱਚ, ਅਜਿਹੀ ਕੋਈ ਸ਼ਰਤ ਨਹੀਂ ਹੈ, ਜਿਸਦੀ ਤੁਲਨਾ ਪ੍ਰਤੀਯੋਗਤਾ ਕਮਿਸ਼ਨ ਦੇ ਅਧਿਕਾਰਾਂ ਦੇ ਨਾਲ-ਨਾਲ, ਤੁਲਨਾਤਮਕ ਨਿਆਂ ਅਧਿਕਾਰਾਂ ਵਿੱਚ ਕੀਤੀ ਜਾ ਸਕੇ। ਸਰਕਾਰ ਨਾ ਪਹਿਲਾਂ ਸਧਾਰਨ ਤੌਰ ਤੇ ਇਸ ਪ੍ਰਸਤਾਵ ਲਈ ਸਹਿਮਤੀ ਦਿੱਤੀ ਸੀ, ਪਰੰਤੂ ਸੋਧ ਦਾ ਕਨੂੰਨ ਪਾਸ ਨਹੀਂ ਕੀਤਾ। ਪ੍ਰਸਤਾਵ ਨੂੰ ਵੀ ਸੰਸਥਾਵਾਂ ਵੱਲੋਂ ਦਿੱਤੇ ਜਨਤਕ ਰਾਇ ਜਵਾਬਾਂ ਵਿੱਚ ਜ਼ੋਰਦਾਰ ਸਮਰਥਨ ਪ੍ਰਾਪਤ ਹੋਇਆ ਸੀ, ਜਿਹਨਾਂ ਵਿੱਚੋਂ ਇੱਕ ਕਨੂੰਨੀ ਸਮੂਹ ਨੇ ਕਿਹਾ ਕਿ

[2] ਸਵੈਇਛੁੱਕ ਪਰ ਬੱਧ ਇਕਰਾਰਨਾਮਿਆਂ ਜਾਂ ਕੰਟ੍ਰੈਕਟਾਂ ਦਾ ਹਵਾਲਾ ਦਿੰਦਾ ਹੈ, ਜਿੱਥੇ ਰਸਮੀ ਜਾਂਚਾਂ ਕੀਤੀਆਂ ਜਾਂਦੀਆਂ ਹਨ ਅਤੇ ਇਹ ਪਰਿਭਾਸ਼ਤ ਕੀਤਾ ਜਾਂਦਾ ਹੈ ਕਿ ਜਨਤਕ ਅਥਾੱਰਿਟੀ ਜਾਂ ਨਿੱਜੀ ਸੰਸਥਾ ਨੇ ਪੱਖਪਾਤ ਦੇ ਕੰਮ ਕੀਤੇ ਹੋ ਸਕਦੇ ਹਨ। ਅਜਿਹੇ ਇਕਰਾਰਨਾਮੇ ਕਾਰਵਾਈਆਂ ਦੀ ਸਹਿਮਤੀ ਦੇਣ ਅਤੇ ਭਵਿੱਖੀ ਪੱਖਪਾਤ ਨੂੰ ਰੋਕਣ ਵਿੱਚ ਸਹਾਇਤਾ ਲਈ ਸੰਸਥਾਵਾਂ ਜਾਂ ਵਿਅਕਤੀਆਂ ਲਈ ਇੱਕ ਮਕੈਨਿਜ਼ਮ ਹੋਣਗੇ। ਇਹ ਮੁਕੱਦਮੇ ਦੇ ਖ਼ਰਚਿਆਂ ਅਤੇ ਸਮੇਂ ਨੂੰ ਬਚਾਉਣ ਵਿੱਚ ਵੀ ਸਹਾਇਤਾ ਕਰੇਗਾ।

ਇਕਰਾਰਨਾਮੇ ਮੁਕੱਦਮੇ ਲਈ ਇੱਕ ਲਚਕੀਲਾ ਵਿਕਲਪ ਹੋਣਗੇ, ਜਿੱਥੇ ਦੋਵੇਂ ਧਿਰਾਂ ਸਮਝੌਤੇ ਜਾਂ ਕਾਰਵਾਈ ਯੋਜਨਾ ਦੀਆਂ ਸ਼ਰਤਾਂ ਦਾ ਪ੍ਰਬੰਧ ਕਰਦੀਆਂ ਹਨ।

**ਸਿਫ਼ਾਰਿਸ਼ 51: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ EOC ਨੂੰ ਰਸਮੀ ਜਾਂਚਾਂ ਤੋਂ ਬਾਅਦ ਸਵੈਇੱਛਤ ਰੂਪ ਨਾਲ ਬੱਧ ਇਕਰਾਰਨਾਮਿਆਂ ਵਿੱਚ ਦਾਖਲ ਹੋਣ ਦਾ ਅਧਿਕਾਰ ਮੁਹੱਈਆ ਕਰਨ ਲਈ ਚਾਰ ਪੱਖਪਾਤ ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰੇ। ਅੱਗੇ ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ EOC ਨੂੰ ਇਹਨਾਂ ਇਕਰਾਰਨਾਮਿਆਂ ਨੂੰ ਲਾਗੂ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ, ਜਦੋਂ ਉਹਨਾਂ ਦੀ ਪਾਲਣਾ ਨਾ ਕੀਤੀ ਜਾਏ।**

4.30 ਚੌਥੀ ਸਮੱਸਿਆ ਵਿੱਚ ਇਹ ਦੇਖਿਆ ਕਿ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਸੰਬੰਧ ਵਿੱਚ ਖੋਜ ਕਰਨ ਅਤੇ ਸਿੱਖਿਆ ਦੇ EOC ਦੇ ਅਧਿਕਾਰਾਂ ਨੂੰ ਪੱਖਪਾਤ ਕਨੂੰਨ ਵਿੱਚ ਸਪਸ਼ਟ ਰੂਪ ਨਾਲ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਵਰਤਮਾਨ ਵਿੱਚ, ਅਜਿਹੇ ਅਧਿਕਾਰ ਕੇਵਲ SDO ਵਿੱਚ ਦਿੱਤੇ ਗਏ ਹਨ, ਹੋਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਦੇ ਅਧੀਨ ਸਮਾਨ ਸ਼ਰਤਾਂ ਦੇ ਬਿਨਾਂ। ਇਸਦੀ ਤੁਲਨਾ ਹੋਰ ਨਿਆਂ ਅਧਿਕਾਰਾਂ ਵਿੱਚ ਦਿੱਤੇ ਦ੍ਰਿਸ਼ਟੀਕੋਣਾਂ ਨਾਲ ਕੀਤੀ ਜਾ ਸਕਦੀ ਹੈ। ਵਿਹਾਰਕ ਤੌਰ ਤੇ, EOC ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਸੰਬੰਧ ਵਿੱਚ ਖੋਜ ਅਤੇ ਵਿਦਿਅਕ ਕੰਮ ਕਰਦੀ ਹੈ। ਜਨਤਕ ਰਾਇ ਵਿੱਚ ਸੰਸਥਾਵਾਂ ਵੱਲੋਂ ਪ੍ਰਸਤਾਵ ਨੂੰ ਵਿਚਾਰਨਯੋਗ ਸਮਰਥਨ ਦਿੱਤਾ ਗਿਆ ਸੀ।

**ਸਿਫ਼ਾਰਿਸ਼ 52: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹ ਸ਼ਰਤ ਰੱਖਣ ਲਈ ਕਿ EOC ਨੂੰ ਉਹਨਾਂ ਅਧਿਆਦੇਸ਼ਾਂ ਵਿੱਚ ਖੋਜ ਕਰਨ ਅਤੇ ਸਿੱਖਿਆ ਦਾ ਅਧਿਕਾਰ ਹੋਵੇ, ਅਪੰਗਤਾ ਪੱਖਪਾਤ, ਅਧਿਆਦੇਸ਼, ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਅਤੇ ਪਰਿਵਾਰਕ ਸਥਿਤੀ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਸੋਧ ਕਰੇ।**

4.31 ਪੰਜਵੀਂ ਸਮੱਸਿਆ ਸਮਾਨਤਾ ਅਤੇ ਪੱਖਪਾਤ ਸੰਬੰਧੀ ਸਮੱਸਿਆਵਾਂ ਅਤੇ ਨੀਤੀਆਂ ਤੇ ਸਰਕਾਰ ਦਾ ਨਿਰੀਖਣ ਕਰਨ ਅਤੇ ਇਸਨੂੰ ਸਲਾਹ ਦੇਣ ਦੇ EOC ਦੇ ਅਧਿਕਾਰਾਂ ਨਾਲ ਸਬੰਧਿਤ ਹੈ। ਵਰਤਮਾਨ ਵਿੱਚ, ਅਜਿਹੇ ਅਧਿਕਾਰ ਵਿਧਾਨ ਵਿੱਚ ਸਪਸ਼ਟ ਰੂਪ ਨਾਲ ਮੁਹੱਈਆ ਨਹੀਂ ਕੀਤੇ ਗਏ ਹਨ। ਹਾਲਾਂਕਿ EOC ਵਿਹਾਰਕ ਤੌਰ ਤੇ, ਪਹਿਲਾਂ ਹੀ ਸਮੇਂ-ਸਮੇਂ ਤੇ ਪ੍ਰਸਤਾਵਿਤ ਜਾਂ ਨੀਤੀ ਸਮੱਸਿਆਵਾਂ ਦੇ ਲਾਗੂ ਹੋਣ ਤੇ ਸਰਕਾਰ ਅਤੇ ਵਿਧਾਨਨਕ ਕਾਉਂਸਿਲ ਦਾ ਨਿਰੀਖਣ ਕਰਦਾ ਹੈ ਅਤੇ ਸੁਤੰਤਰ ਸਲਾਹ ਮੁਹੱਈਆ ਕਰਦਾ ਹੈ, ਜਿਸਦਾ ਸਮਾਨਤਾ ਨਾਲ ਸਬੰਧਿਤ ਕਿਸੇ ਵੀ ਸਮੱਸਿਆ ਤੇ ਪ੍ਰਭਾਵ ਹੋਵੇਗਾ ਜਾਂ ਹੋ ਸਕਦਾ ਹੈ। ਇਸਤੋਂ ਇਲਾਵਾ, EOC ਵਿਹਾਰਕ ਤੌਰ ਤੇ ਹਾਂਗ ਕਾਂਗ ਤੇ ਲਾਗੂ ਹੋਣ ਵਾਲੀਆਂ ਅੰਤਰਰਾਸ਼ਟਰੀ ਮਨੁੱਖੀ ਹੱਕ ਬੰਦਸ਼ਾਂ ਦੇ ਸਰਕਾਰ ਦੇ ਅਨੁਪਾਲਨ ਦਾ ਨਿਰੀਖਣ ਕਰਦਾ ਹੈ ਅਤੇ ਸੰਯੁਕਤ ਰਾਸ਼ਟਰਾਂ ਨੂੰ ਕੀਤੀਆਂ ਬੇਨਤੀਆਂ ਮੁਹੱਈਆ ਕਰਦਾ ਹੈ। ਤੁਲਨਾਤਮਕ ਵਿਦੇਸ਼ੀ ਨਿਆਂ ਅਧਿਕਾਰਾਂ ਦੇ ਨਾਲ-ਨਾਲ ਹੋਰ ਸਥਾਨਕ ਕਨੂੰਨੀ ਸੰਸਥਾਵਾਂ ਦੇ ਸੰਬੰਧ ਵਿੱਚ, ਕੁਝ ਸਮਾਨ ਅਧਿਕਾਰ ਵਿਧਾਨ ਵਿੱਚ ਸਪਸ਼ਟ ਰੂਪ ਨਾਲ ਦਿੱਤੇ ਗਏ ਹਨ। ਉਹਨਾਂ ਸੰਸਥਾਵਾਂ ਨੇ ਪ੍ਰਸਤਾਵ ਦਾ ਵੀ ਵਿਚਾਰਨਯੋਗ ਸਮਰਥਨ ਕੀਤਾ ਸੀ, ਅਪੰਗ ਵਿਅਕਤੀਆਂ ਨਾਲ ਕੰਮ ਕਰਨ ਵਾਲੇ NGO ਦੇ ਇੱਕ ਸਮੂਹ ਅਤੇ ਵਿਧਾਨਕ ਕਾਉਂਸਲਰ ਦੇ ਸਮੂਹ ਸਮੇਤ, ਜਿਹਨਾਂ ਨੇ ਅਪੰਗ ਵਿਅਕਤੀਆਂ ਦੇ ਹੱਕਾਂ ਤੇ ਇਕਰਾਰਨਾਮੇ ਦੀ ਪਾਲਣਾ ਦਾ ਨਿਰੀਖਣ ਕਰਨ ਵਿੱਚ EOC ਦੀ ਭੂਮਿਕਾ ਨੂੰ ਸਪਸ਼ਟ ਰੂਪ ਨਾਲ ਦੱਸਣ ਦੀ ਸਹਾਇਤਾ ਨੂੰ ਉਜਾਗਰ ਕਰਦੇ ਹੋਏ ਸੰਯੁਕਤ ਬੇਨਤੀ ਭੇਜੀ ਸੀ।

**<u>ਸਿਫ਼ਾਰਿਸ਼ 53</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹ ਸ਼ਰਤ ਰੱਖਣ ਲਈ EOC ਨੂੰ ਇਹਨਾਂ ਦਾ ਨਿਰੀਖਣ ਕਰਨ ਅਤੇ ਸਲਾਹ ਦੇਣ ਦਾ ਅਧਿਕਾਰ ਹੋਵੇ, ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰੇ:**

- **ਸਬੰਧਿਤ ਮੌਜੂਦਾ ਅਤੇ ਪ੍ਰਸਤਾਵਿਤ ਵਿਧਾਨ ਅਤੇ ਨੀਤੀ ਤੇ ਸਰਕਾਰ ਦਾ; ਅਤੇ**
- **ਸਮਾਨਤਾ ਅਤੇ ਪੱਖਪਾਤ ਨਾਲ ਸਬੰਧਿਤ ਅੰਤਰਰਾਸ਼ਟਰੀ ਮਨੁੱਖੀ ਹੱਕ ਬੰਦਸ਼ਾਂ ਦੇ ਸਰਕਾਰ ਦੇ ਅਨੁਪਾਲਣ ਤੇ।**

4.32 ਛੇਵੀਂ ਸਮੱਸਿਆ ਲਈ ਪੜਤਾਲ ਕੀਤੀ ਗਈ ਹੈ ਕਿ EOC ਕੋਲ ਕਿਸੇ ਵੀ ਸਬੰਧਿਤ ਪੱਖਪਾਤ ਦੀ ਸਮੱਸਿਆ ਦੇ ਸੰਬੰਧ ਵਿੱਚ ਕਾਰਵਾਈਆਂ ਵਿੱਚ ਅਦਾਲਤ ਦੇ ਸਲਾਹਕਾਰ (ਅਦਾਲਤ ਦਾ ਸਹਾਇਕ) ਦੇ ਤੌਰ ਤੇ ਦਖਲ ਦੇਣ ਜਾਂ ਹਾਜ਼ਰ ਹੋਣ ਦੀ ਅਰਜ਼ੀ ਦੇਣ ਲਈ ਉਚੇਚੇ ਅਧਿਕਾਰ ਹੋਣੇ ਚਾਹੀਦੇ ਹਨ ਜਾਂ ਨਹੀਂ। ਅਜਿਹੇ ਅਧਿਕਾਰ ਪੱਖਪਾਤ-ਵਿਰੋਧੀ ਵਿਧਾਨ ਵਿੱਚ ਸਪਸ਼ਟ ਰੂਪ ਨਾਲ ਮੁਹੱਈਆ ਨਹੀਂ ਕੀਤੇ ਗਏ ਹਨ। ਵਿਹਾਰਕ ਤੌਰ ਤੇ EOC ਨੇ ਸਮਾਨਤਾ ਅਤੇ ਪੱਖਪਾਤ ਨਾਲ ਸਬੰਧਿਤ ਕਿਸੇ ਵੀ ਸਮੱਸਿਆ ਤੇ ਅਦਾਲਤਾਂ ਨੂੰ ਸੁਤੰਤਰ ਮਾਹਰ ਸਲਾਹ ਮੁਹੱਈਆ ਕਰਨ ਲਈ ਅਦਾਲਤ ਦੇ ਸਲਾਹਕਾਰ ਦੇ ਤੌਰ ਤੇ ਅਦਾਲਤਾਂ ਵਿੱਚ ਅਰਜ਼ੀ ਦਿੱਤੀ ਹੈ ਅਤੇ ਦਖਲ ਦਿੱਤਾ ਹੈ ਜਾਂ ਹਾਜ਼ਰ ਹੋਇਆ ਹੈ। ਇਹ ਅਧਿਕਾਰ ਕੁਝ ਹੋਰ ਸੰਵਿਧਾਨਕ ਸੰਸਥਾਵਾਂ ਦੇ ਨਾਲ-ਨਾਲ ਕੁਝ ਅੰਤਰਰਾਸ਼ਟਰੀ ਨਿਆਂ ਅਧਿਕਾਰਾਂ ਦੇ ਸੰਬੰਧ ਵਿੱਚ ਸਪਸ਼ਟ ਰੂਪ ਨਾਲ ਦਿੱਤੇ ਗਏ ਹਨ। ਰਾਇ ਜਵਾਬਾਂ ਵਿੱਚ ਸੰਸਥਾਵਾਂ ਵੱਲੋਂ ਵੀ ਵਿਚਾਰਨਯੋਗ ਸਮਰਥਨ ਪ੍ਰਾਪਤ ਹੋਇਆ ਸੀ।

**<u>ਸਿਫ਼ਾਰਿਸ਼ 54</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ EOC ਨੂੰ ਸਬੰਧਿਤ ਕਾਰਵਾਈਆਂ ਵਿੱਚ ਅਦਾਲਤ ਦੇ ਸਲਾਹਕਾਰ ਦੇ ਤੌਰ ਤੇ ਦਖਲ ਦੇਣ ਜਾਂ ਹਾਜ਼ਰ ਹੋਣ ਦੀ ਅਰਜ਼ੀ ਦੇਣ ਦੇ ਉਚੇਚੇ ਅਧਿਕਾਰ ਸ਼ਾਮਲ ਕਰਨ ਲਈ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰੇ।**

4.33 ਆਖਰੀ ਸਮੱਸਿਆ ਵਿੱਚ ਇਹ ਪੜਤਾਲ ਕੀਤੀ ਗਈ ਕਿ ਅਦਾਲਤੀ ਸਮੀਖਿਆ ਪ੍ਰਕਿਰਿਆਵਾਂ ਸ਼ੁਰੂ ਕਰਨ ਲਈ EOC ਦੇ ਅਧਿਕਾਰ ਨੂੰ EOC ਦੇ ਇੱਕ ਵੱਖ ਅਧਿਕਾਰ ਦੇ ਤੌਰ ਤੇ ਵੱਧ ਸਪਸ਼ਟ ਰੂਪ ਨਾਲ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਵਿਹਾਰਕ ਤੌਰ ਤੇ, ਕੋਈ ਵੀ ਵਿਅਕਤੀ ਜਾਂ ਸੰਸਥਾ, EOC ਸਮੇਤ, ਜੋ ਮੰਨਦੀ ਹੈ ਕਿ ਸਰਕਾਰ ਜਾਂ ਜਨਤਕ ਅਥਾੱਰਿਟੀ ਨੇ ਗੈਰਕਨੂੰਨੀ ਢੰਗ ਨਾਲ ਕੰਮ ਕੀਤਾ ਹੈ, ਅਦਾਲਤ ਵਿੱਚ ਅਦਾਲਤੀ ਸਮੀਖਿਆ ਰਾਹੀਂ ਉਸਨੂੰ ਚੁਣੌਤੀ ਦੇ ਸਕਦੀ ਹੈ। ਵਰਤਮਾਨ ਵਿੱਚ, EOC ਦੇ ਅਦਾਲਤੀ ਸਮੀਖਿਆ ਅਧਿਕਾਰ ਦਾ ਹਵਾਲਾ ਅਪ੍ਰਤੱਖ ਰੂਪ ਨਾਲ ਕੇਵਲ SDO ਵਿੱਚ ਦਿੱਤਾ ਗਿਆ ਹੈ। EOC ਮੰਨਦਾ ਹੈ ਕਿ ਅਜਿਹੇ ਅਧਿਕਾਰ ਵਿਧਾਨ ਵਿੱਚ ਸਪਸ਼ਟ ਰੂਪ ਨਾਲ ਦਿੱਤੇ ਹੋਣੇ ਚਾਹੀਦੇ ਹਨ।

**<u>ਸਿਫ਼ਾਰਿਸ਼ 55</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹ ਸ਼ਰਤ ਰੱਖਣ ਲਈ ਕਿ EOC ਨੂੰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਦੇ ਅਧੀਨ ਪੱਖਪਾਤ ਦੇ ਦਾਅਵਿਆਂ ਨਾਲ ਸਬੰਧਿਤ ਅਦਾਲਤੀ ਸਮੀਖਿਆ ਕਾਰਵਾਈਆਂ ਪੇਸ਼ ਕਰਨ ਦਾ ਅਧਿਕਾਰ ਹੈ, ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰੇ।**

### (ii) <u>ਸੰਵਿਧਾਨਕ ਮੁੱਦੇ</u>

4.34 EOC ਨੇ ਕਨੂੰਨੀ ਸ਼ਰਤਾਂ ਦੇ ਸੰਬੰਧ ਵਿੱਚ ਭਿੰਨ ਸਮੱਸਿਆਵਾਂ ਤੇ ਜਨਤਕ ਰਾਇ ਲਈ ਸੀ, ਜਿਸ ਢੰਗ ਨਾਲ EOC ਦਾ ਸੰਚਾਲਨ ਹੁੰਦਾ ਹੈ।

4.35 ਪਹਿਲੀ ਸਮੱਸਿਆਵਾਂ ਵਿੱਚ ਇਹ ਦੇਖਿਆ ਗਿਆ ਕਿ EOC ਨੂੰ ਜਨਤਾ ਦੀ ਰਾਇ ਵਿੱਚ, ਇੱਕ ਕਾਰਜਨੀਤੀ ਸੰਬੰਧੀ ਯੋਜਨਾ ਪੇਸ਼ ਕਰਨ ਦੀ ਲੋੜ ਹੋਣੀ ਚਾਹੀਦੀ ਹੈ ਜਾਂ ਨਹੀਂ, ਜੋ ਕਈ ਸਾਲਾਂ ਤੋਂ ਕੰਮ ਦੇ ਆਪਣੇ ਕਾਰਜਨੀਤੀ ਸੰਬੰਧੀ ਤਰਜੀਹੀ ਖੇਤਰ ਨਿਯਤ ਕਰਦਾ ਹੈ। ਹਾਲਾਂਕਿ ਵਿਧਾਨ ਵਿੱਚ ਲਿਖਤ ਕਾਰਜਨੀਤੀ ਸੰਬੰਧੀ ਜਾਂ ਕਾਰਪੋਰੇਟ ਯੋਜਨਾਵਾਂ ਪੇਸ਼ ਕਰਨ ਦੀ ਕੋਈ ਮੰਗ ਨਹੀਂ ਹੈ, EOC ਪਹਿਲਾਂ ਹੀ ਕੁਝ ਹੱਦ ਤੱਕ ਅਜਿਹਾ ਕਰਦਾ ਹੈ, ਇਸਨੇ ਇੱਕ 2013 ਵਿੱਚ ਇੱਕ ਤਿੰਨ-ਸਾਲਾ ਕੰਮ ਯੋਜਨਾ ਪੇਸ਼ ਕੀਤੀ ਸੀ। ਇੱਕ ਕਾਰਜਨੀਤੀ ਸੰਬੰਧੀ ਯੋਜਨਾ ਪੇਸ਼ ਕਰਨਾ ਤੁਲਨਾਤਮਕ ਨਿਆਂ ਅਧਿਕਾਰਾਂ ਵਿੱਚ ਆਮ ਹੈ ਅਤੇ ਕਮਿਸ਼ਨ ਦੇ ਕੰਮ ਦੀ ਕਾਰਜਨੀਤੀ ਸੰਬੰਧੀ ਦਿਸ਼ਾ ਵਿੱਚ ਅਤੇ ਹਿੱਸੇਦਾਰਾਂ ਦੀ ਸ਼ਮੂਲੀਅਤ ਲਈ ਮਹੱਤਵਪੂਰਣ ਹੈ।

**<u>ਸਿਫ਼ਾਰਿਸ਼ 56</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹ ਸ਼ਰਤ ਰੱਖਣ ਲਈ ਕਿ EOC ਕਈ ਸਾਲਾਂ ਤੋਂ ਕੰਮ ਦੇ ਆਪਣੇ ਕਾਰਜਨੀਤੀ ਸੰਬੰਧੀ ਤਰਜੀਹੀ ਖੇਤਰ ਨਿਯਤ ਕਰੇਗੀ ਅਤੇ ਇਹ ਕਿ EOC ਨੇ ਕਾਰਜਨੀਤੀ ਸੰਬੰਧੀ ਯੋਜਨਾਵਾਂ ਤਿਆਰ ਕਰਨ ਵਿੱਚ ਜਨਤਕ ਰਾਇ ਲਈ ਹੈ, ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰੇ।**

4.36 ਦੂਜੀ ਸਮੱਸਿਆ ਸਰਕਾਰ ਤੋਂ EOC ਦੀ ਸੁਤੰਤਰਤਾ ਦੀ ਦੇਖਭਾਲ ਮੁਹੱਈਆ ਕਰਨ ਨਾਲ ਸਬੰਧਿਤ ਹੈ। ਕਿਉਂਕਿ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਦੇ ਅਨੁਪਾਲਨ ਨੂੰ ਲਾਗੂ ਕਰਨ ਵਿੱਚ EOC ਦੀ ਭੂਮਿਕਾ ਹੈ, ਜੋ ਸਰਕਾਰ ਅਤੇ ਜਨਤਕ ਅਥਾੱਰਿਟੀਜ ਤੇ ਲਾਗੂ ਹੁੰਦੇ ਹਨ, ਇਹ ਜ਼ਰੂਰੀ ਹੈ ਕਿ EOC ਸਧਾਰਨ ਤੌਰ ਤੇ ਅਤੇ ਵਿਹਾਰਕ ਰੂਪ ਨਾਲ ਸਰਕਾਰ ਤੋਂ ਸੁਤੰਤਰ ਰਹੇ। ਸੰਯੁਕਤ ਰਾਸ਼ਟਰ ਪੈਰਿਸ ਦੇ ਸਿਧਾਂਤਾਂ ਵਿੱਚ ਸਮਾਨਤਾ ਅਤੇ/ਜਾਂ ਮਨੁੱਖੀ ਹੱਕ ਸੰਸਥਾਵਾਂ ਦੀਆਂ ਸਰਕਾਰਾਂ ਤੋਂ ਸੁਤੰਤਰਤਾ ਦੇ ਮਹੱਤਵ ਤੇ ਜ਼ੋਰ ਦਿੱਤਾ ਗਿਆ ਹੈ। SDO ਵਿੱਚ EOC ਦੀ ਸੁਤੰਤਰ ਸਥਿਤੀ ਦੀ ਕੁਝ ਮਾਨਤਾ ਪਹਿਲਾਂ ਹੀ ਹੈ, ਪਰੰਤੂ ਹੋਰ ਸ਼ਰਤਾਂ, ਜੋ ਸੁਤੰਤਰਤਾ ਦੇ ਤੱਤਾਂ ਦੀ ਪਰਿਭਾਸ਼ਾ ਕਰਨ ਨਾਲ ਵਿਸ਼ੇਸ਼ ਤੌਰ ਤੇ ਸਬੰਧਿਤ ਹਨ, ਸਹਾਇਕ ਹੋ ਸਕਦੀਆਂ ਹਨ। ਸੰਸਥਾਵਾਂ ਵੱਲੋਂ ਵੀ ਪ੍ਰਸਤਾਵ ਦਾ ਜ਼ੋਰਦਾਰ ਸਮਰਥਨ ਕੀਤਾ ਗਿਆ ਸੀ।

**<u>ਸਿਫ਼ਾਰਿਸ਼ 57</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਤੇ ਇਸ ਨਾਲ ਸੰਬੰਧਿਤ ਹੋਰ ਵਿਚਾਰ ਕਰੇ ਕਿ EOC ਦੀ ਸੁਤੰਤਰਤਾ ਦੇ ਤੱਤਾਂ ਦੀ ਪਰਿਭਾਸ਼ਾ ਕਰਨ ਵਿੱਚ ਇੱਕ ਵਿਸ਼ੇਸ਼ ਸ਼ਰਤ ਸਹੀ ਹੋਵੇਗੀ ਜਾਂ ਨਹੀਂ।**

4.37 ਤੀਜੀ ਸਮੱਸਿਆ EOC ਦੇ ਬੋਰਡ ਮੈਂਬਰਾਂ ਦੀ ਨਿਯੁਕਤੀ ਪ੍ਰਕਿਰਿਆ ਅਤੇ ਅਨੁਭਵ ਨਾਲ ਸਬੰਧਿਤ ਹੈ। ਵਰਤਮਾਨ ਵਿੱਚ, EOC ਦੇ ਚੇਅਰਪਰਸਨ ਲਈ ਪ੍ਰਕਿਰਿਆ ਦੇ ਉਲਟ, EOC ਦੇ ਬੋਰਡ ਮੈਂਬਰਾਂ ਦਾ ਇੰਟਰਵਿਊ ਲੈਣ ਅਤੇ ਨਿਯੁਕਤੀ ਕਰਨ ਲਈ ਇਸ਼ਤਿਹਾਰ ਦੀ ਕੋਈ ਪ੍ਰਕਿਰਿਆ ਨਹੀਂ ਹੈ ਜਾਂ ਕੋਈ ਸੁਤੰਤਰ ਪੈਨਲ ਨਹੀਂ ਹੈ। ਬੋਰਡ ਮੈਂਬਰਾਂ ਦੇ ਅਨੁਭਵ ਨਾਲ ਸਬੰਧਿਤ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਕੋਈ ਵੀ ਸ਼ਰਤ ਨਹੀਂ ਹੈ, ਜੋ ਸਮਾਨ ਨਿਆਂ ਅਧਿਕਾਰਾਂ ਅਤੇ ਹਾਂਗ ਕਾਂਗ ਵਿੱਚ ਇੱਕ ਸੰਵਿਧਾਨਕ ਸੰਸਥਾ ਦੇ ਦ੍ਰਿਸ਼ਟੀਕੋਣ ਤੋਂ ਭਿੰਨ ਹੋਵੇ। ਪ੍ਰਸਤਾਵਾਂ ਨੂੰ ਸੰਸਥਾਵਾਂ ਅਤੇ ਵਿਅਕਤੀਆਂ ਦੋਵਾਂ ਵੱਲੋਂ ਜ਼ੋਰਦਾਰ ਸਮਰਥਨ ਪ੍ਰਾਪਤ ਹੋਇਆ ਸੀ, ਜਿਸਨੂੰ EOC ਸਪਸ਼ਟਤਾ ਦੇ ਕਾਰਨਾਂ ਲਈ ਅਤੇ EOC ਦੀ ਪ੍ਰਭਾਵਕਤਾ ਨੂੰ ਸੁਧਾਰਨ ਲਈ ਢੁਕਵਾਂ ਮੰਨਦੀ ਹੈ।

**<u>ਸਿਫ਼ਾਰਿਸ਼ 58</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਹਨਾਂ ਤੇ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸ਼ਰਤਾਂ ਪੇਸ਼ ਕਰਨ ਤੇ ਵਿਚਾਰ ਕਰੇ:**

- **ਜਨਤਕ ਤੌਰ ਤੇ ਇਸ਼ਤਿਹਾਰ ਦੇਣ ਦੇ ਪਦਾਂ ਜਾਂ ਕਿਸੇ ਸੁਤੰਤਰ ਪੈਨਲ ਦਾ ਉਪਯੋਗ ਕਰਨ ਦੇ ਸੰਬੰਧ ਵਿੱਚ ਬੋਰਡ ਮੈਂਬਰਾਂ ਦੀ ਨਿਯੁਕਤੀ ਦੀ ਪ੍ਰਕਿਰਿਆ;**
- **ਅਨੁਭਵ, ਜੋ ਬੋਰਡ ਮੈਂਬਰਾਂ ਦੀ ਨਿਯੁਕਤੀ ਲਈ ਮਹੱਤਵਪੂਰਣ ਹੋ ਸਕਦਾ ਹੈ, ਭਿੰਨ ਖੇਤਰਾਂ ਵਿੱਚ ਸਮਾਨਤਾ ਸੰਬੰਧੀ ਸਮੱਸਿਆਵਾਂ ਤੇ ਹੋਣ ਸਮੇਤ।**

4.38 ਚੌਥੀ ਸਮੱਸਿਆ ਪੱਖਪਾਤ ਦੀਆਂ ਸ਼ਿਕਾਇਤਾਂ ਸੰਬੰਧੀ ਜਾਣਕਾਰੀ ਦੀ ਗੁਪਤਤਾ ਨੂੰ ਕਾਇਮ ਰੱਖਣ ਸੰਬੰਧੀ ਹੈ। ਜਾਂਚ ਅਤੇ ਸਮਝੌਤਾ ਪ੍ਰਕਿਰਿਆ ਦੀ ਈਮਾਨਦਾਰੀ ਅਤੇ ਪ੍ਰਭਾਵਕਤਾ ਨੂੰ ਯਕੀਨੀ ਬਣਾਉਣ ਲਈ, ਸੰਚਾਲਨ ਸੰਬੰਧੀ ਅਨੁਭਵ ਦੇ ਆਧਾਰ ਤੇ, EOC ਮੰਨਦਾ ਹੈ ਕਿ ਇਹ ਲਾਜ਼ਮੀ ਹੈ ਕਿ ਗੁਪਤਤਾ ਦੇ ਸਿਧਾਂਤਾਂ ਦੀ ਪਾਲਣਾ ਕੀਤੀ ਜਾਏ ਅਤੇ ਇਹ ਕਿ ਪ੍ਰਕਿਰਿਆ ਦੇ ਦੌਰਾਨ ਪ੍ਰਾਪਤ ਕੀਤੀ ਗਈ ਜਾਣਕਾਰੀ ਨੂੰ ਤੀਜੀਆਂ ਧਿਰਾਂ ਕੋਲ ਪ੍ਰਗਟ ਨਾ ਕੀਤਾ ਜਾਏ ਜਿਵੇਂ ਮੀਡੀਆ। ਇਸ ਵਿੱਚ ਸ਼ਿਕਾਇਤ ਵਿੱਚ ਸ਼ਾਮਲ ਸਾਰੀਆਂ ਧਿਰਾਂ ਦੇ ਨਾਲ-ਨਾਲ EOC ਵੱਲੋਂ ਵੀ ਜਾਣਕਾਰੀ ਪ੍ਰਗਟ ਨਾ ਕਰਨ ਦੀ ਗੁਪਤਤਾ ਸ਼ਾਮਲ ਹੈ।

**<u>ਸਿਫ਼ਾਰਿਸ਼ 59</u>:**
**ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇੱਕ ਸ਼ਰਤ ਪੇਸ਼ ਕਰਨ ਲਈ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਸੋਧ ਕਰਨ ਤੇ ਵਿਚਾਰ ਕਰੇ, ਜੋ ਧਿਰਾਂ ਅਤੇ EOC ਵੱਲੋਂ ਜਾਂਚ ਅਤੇ ਸਮਝੌਤਾ ਪ੍ਰਕਿਰਿਆ ਦੇ ਦੌਰਾਨ ਪ੍ਰਾਪਤ ਕੀਤੀ ਗਈ ਸਾਰੀ ਜਾਣਕਾਰੀ ਦੀ ਗੁਪਤਤਾ ਨੂੰ ਕਾਇਮ ਰੱਖਣ ਦੀ ਮੰਗ ਕਰਦੀ ਹੈ, ਇਸਦੇ ਸਿਵਾਏ ਕਿ ਇਹ ਪੇਸ਼ਾਵਰ ਸਲਾਹਕਾਰਾਂ, ਕਨੂੰਨ ਐਨਫੋਰਸਮੈਂਟ ਏਜੰਸੀਆਂ ਲਈ ਪ੍ਰਗਟ ਕਰਨੀ ਲਾਜ਼ਮੀ ਹੋਵੇ ਜਾਂ ਕਨੂੰਨ ਵੱਲੋਂ ਮੰਗ ਕੀਤੇ ਜਾਣ ਤੇ।**

### (iv) <u>ਮਨੁੱਖੀ ਹੱਕ ਕਮਿਸ਼ਨ ਦੀ ਸਥਾਪਨਾ</u>

4.39 ਹਾਂਗ ਕਾਂਗ ਵਿੱਚ ਮਨੁੱਖੀ ਹੱਕ ਕਮਿਸ਼ਨ ਸਥਾਪਤ ਕਰਨ ਦੀ ਲੋੜ ਤੇ ਨਿਯਮਿਤ ਰੂਪ ਨਾਲ ਚਰਚਾ ਹੁੰਦੀ ਰਹੀ ਹੈ, ਜਿਸਦੀ ਸਿਫ਼ਾਰਿਸ਼ UN ਸੰਸਥਾਵਾਂ ਦੇ ਨਾਲ-ਨਾਲ EOC ਵੱਲੋਂ ਵੀ ਕੀਤੀ ਜਾਂਦੀ ਰਹੀ ਹੈ। ਰਾਇ ਪ੍ਰਕਿਰਿਆ ਦੇ ਸੰਬੰਧ ਵਿੱਚ, ਬਹੁਤ ਵੱਡੀ ਸੰਖਿਆ ਵਿੱਚ ਸੰਸਥਾਵਾਂ ਨੇ ਪ੍ਰਸਤਾਵ ਨੂੰ ਸਹਿਮਤੀ ਦਿੱਤੀ ਸੀ। ਔਰਤਾਂ, ਜਾਤੀ ਸੰਬੰਧੀ ਅਲਪ ਸੰਖਿਅਕ ਵਰਗਾਂ ਲਈ ਕੰਮ ਕਰਨ ਵਾਲੇ NGO ਦੇ ਨਾਲ-ਨਾਲ ਕਨੂੰਨੀ ਸੰਸਥਾਵਾਂ ਵੱਲੋਂ ਜ਼ੋਰਦਾਰ ਸਮਰਥਨ ਪ੍ਰਾਪਤ ਹੋਇਆ ਸੀ। ਵਿਆਪਕ ਖੇਤਰ ਅਤੇ ਸਮੱਸਿਆਵਾਂ, ਜੋ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਦੇ ਅਧੀਨ ਰੱਖਿਆ ਦੇ ਸੁਧਾਨ ਤੋਂ ਕਾਫੀ ਵੱਧ ਵਿਆਪਕ ਹਨ, ਦੀ ਉਲਝਣ ਨੂੰ ਦੇਖਦੇ ਹੋਏ, ਸਰਕਾਰ ਲਈ ਉਹਨਾਂ ਸਮੱਸਿਆਵਾਂ ਤੇ ਵੱਖ ਵਿਸਤ੍ਰਿਤ ਖੋਜ ਕਰਨਾ ਅਤੇ ਜਨਤਕ ਰਾਇ ਲੈਣਾ ਉਚਿਤ ਹੋਵੇਗਾ।

**<u>ਸਿਫ਼ਾਰਿਸ਼ 60</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਨੂੰ ਉਹਨਾਂ ਸਮੱਸਿਆਵਾਂ ਤੇ ਵੱਖ ਵਿਸਤ੍ਰਿਤ ਖੋਜ ਕਰਕੇ ਅਤੇ ਜਨਤਕ ਰਾਇ ਲੈ ਕੇ ਮਨੁੱਖੀ ਹੱਕ ਕਮਿਸ਼ਨ ਦੀ ਸਥਾਪਨਾ ਤੇ ਵਿਚਾਰ ਕਰਨਾ ਚਾਹੀਦਾ ਹੈ।**

## *ਭਾਗ 6: ਛੋਟਾਂ*

4.40 EOC ਨੇ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਮੌਜੂਦ ਛੋਟਾਂ ਦੀ ਪੜਤਾਲ ਕੀਤੀ ਸੀ ਅਤੇ ਇਹ ਮੰਨਦਾ ਹੈ ਕਿ ਕਈ ਅਜਿਹੀਆਂ ਛੋਟਾਂ ਹਨ, ਸਰਕਾਰ ਨੂੰ ਜਿਹਨਾਂ ਨੂੰ ਸੋਧਣ ਜਾਂ ਰੱਦ ਕਰਨ ਤੇ ਵਿਚਾਰ ਕਰਨਾ ਚਾਹੀਦਾ ਹੈ। ਪੱਖਪਾਤ-

ਵਿਰੋਧੀ ਵਿਧਾਨ ਵਿੱਚ ਛੋਟਾਂ ਦੀ ਸਮੀਖਿਆ ਕਰਨ ਦੌਰਾਨ, EOC ਦੀਆਂ ਮੁੱਖ ਚਿੰਤਾਵਾਂ ਹਨ ਕਿ ਛੋਟਾਂ ਕੋਈ ਜਾਇਜ਼ ਉਦੇਸ਼ ਨੂੰ ਪੂਰਾ ਕਰਦੀਆਂ ਹਨ ਜਾਂ ਨਹੀਂ ਅਤੇ ਉਹਨਾਂ ਸਾਧਨਾਂ ਵਿੱਚ ਸੰਤੁਲਿਤ ਹਨ ਜਾਂ ਨਹੀਂ, ਜਿਹਨਾਂ ਰਾਹੀਂ ਉਹ ਉਸ ਉਦੇਸ਼ ਨੂੰ ਹਾਸਲ ਕਰਦੀਆਂ ਹਨ।

**A. ਵਿਧਾਨ ਨੂੰ ਵੱਧ ਸਪਸ਼ਟ ਬਣਾਉਣ ਲਈ ਛੋਟਾਂ ਦਾ ਵਰਗੀਕਰਣ ਕਰਨਾ**

4.41 EOC ਨੇ ਇਸ ਬਾਰੇ ਰਾਇ ਲਈ ਸੀ ਕਿ ਸਪਸ਼ਟਤਾ ਨੂੰ ਵਧਾਉਣ ਲਈ ਛੋਟਾਂ ਨੂੰ ਇੱਕ ਥਾਂ ਵਿੱਚ ਵਰਗੀਕ੍ਰਿਤ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਵਰਤਮਾਨ ਵਿੱਚ, ਛੋਟਾਂ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਦੇ ਕਈ ਭਿੰਨ ਭਾਗਾਂ ਵਿੱਚ ਮੌਜੂਦ ਹਨ, ਜਿਹਨਾਂ ਨੂੰ ਸੰਚਾਲਿਤ ਕਰਨਾ ਮੁਸ਼ਕਲ ਹੋ ਜਾਂਦਾ ਹੈ। EOC ਮੰਨਦਾ ਹੈ ਕਿ ਇਹ ਉਚਿਤ ਹੋਵੇਗਾ, ਜੇਕਰ ਸਾਰੀਆਂ ਛੋਟਾਂ ਵਿਧਾਨ ਦੇ ਇੱਕ ਭਾਗ ਵਿੱਚ ਦਿੱਤੀਆਂ ਗਈਆਂ ਹੋਣ। ਹਾਲਾਂਕਿ, ਇਸ ਵਿੱਚ ਪੱਖਪਾਤ ਤੋਂ ਰੱਖਿਆ ਵਿੱਚ ਕੋਈ ਅਸਲੀ ਤਬਦੀਲੀ ਸ਼ਾਮਲ ਨਹੀਂ ਹੋਵੇਗੀ, EOC ਨਹੀਂ ਮੰਨਦਾ ਕਿ ਇਹ ਇੱਕ ਉੱਚ ਪ੍ਰਥਮਤਾ ਹੈ।

**ਸਿਫ਼ਾਰਿਸ਼ 61: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਵਿਧਾਨ ਨੂੰ ਵੱਧ ਸਪਸ਼ਟ ਬਣਾਉਣ ਲਈ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਲਈ ਸੂਚੀਆਂ ਵਿੱਚ ਸਾਰੀਆਂ ਛੋਟਾਂ ਨੂੰ ਇਕੱਠੇ ਵਰਗੀਕ੍ਰਿਤ ਕਰਨ ਤੇ ਵਿਚਾਰ ਕਰੇ।**

**B. ਅਸਲੀ ਵਿਵਸਾਇਕ ਯੋਗਤਾਵਾਂ (GOQs)**

4.42 ਵਰਤਮਾਨ ਵਿੱਚ ਇਸਦਾ ਕੋਈ ਸਧਾਰਨ ਟੈਸਟ ਨਹੀਂ ਹੈ ਕਿ ਕਿਸੇ ਵਿਸ਼ੇਸ਼ਤਾ ਨਾਲ ਸਬੰਧਿਤ ਵਿਵਸਾਇਕ ਯੋਗਤਾ GOQ ਹੈ ਜਾਂ ਨਹੀਂ। EOC ਨੇ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਵਿੱਚ ਇੱਕ ਸਿੰਗਲ ਅਤੇ ਅਨੁਕੂਲ ਪਰਿਭਾਸ਼ਾ ਪ੍ਰਾਪਤ ਕਰਨ ਲਈ GOQ ਵਿੱਚ ਸੁਧਾਰ ਕਰਨ ਤੇ ਰਾਇ ਲਈ ਸੀ। ਕੁਝ ਸੰਸਥਾਵਾਂ ਨੇ ਸਲਾਹ ਜਵਾਬ ਵਿੱਚ ਪ੍ਰਮਾਣ ਮੁਹੱਈਆ ਕੀਤੇ ਕਿ ਸੰਸ਼ੋਧਿਤ GOQ ਛੋਟ ਜਾਤੀ ਪੱਖਪਾਤ ਤੋਂ ਉਹਨਾਂ ਦੀ ਰੱਖਿਆ ਵਿੱਚ ਕਿਵੇਂ ਸੁਧਾਰ ਕਰ ਸਕਦੀ ਹੈ।

4.43 ਖ਼ਾਸ ਕਰਕੇ ਅਪੰਗਤਾ ਪੱਖਪਾਤ ਦੇ ਸੰਬੰਧ ਵਿੱਚ, EOC ਦੇ ਵਿਚਾਰ ਦੀ ਰੋਸ਼ਨੀ ਵਿੱਚ ਕਿ ਮਾਲਕਾਂ ਤੇ ਆਪਣੇ ਕਰਮਚਾਰੀਆਂ ਲਈ ਉਚਿਤ ਸਮਾਯੋਜਨ ਕਰਨ ਦੀ ਡਿਊਟੀ ਹੋਣੀ ਚਾਹੀਦੀ ਹੈ (ਜਿਵੇਂ ਅਧਿਆਇ 3 ਵਿੱਚ ਚਰਚਾ ਕੀਤੀ ਗਈ ਹੈ), EOC ਦਾ ਮੰਨਣਾ ਹੈ ਕਿ GOQ ਛੋਟ, ਕਿਉਂਕਿ ਇਹ ਅਪੰਗ ਵਿਅਕਤੀਆਂ ਨਾਲ ਸਬੰਧਿਤ ਹੈ, ਵਿੱਚ ਇਸ ਪ੍ਰਕਾਰ ਨਾਲ ਸੋਧ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਉੱਥੇ ਲਾਗੂ ਨਹੀਂ ਹੁੰਦੀ, ਜਿੱਥੇ ਉਚਿਤ ਸਮਾਯੋਜਨ ਕੀਤਾ ਜਾ ਸਕਦਾ ਹੈ।

**ਸਿਫ਼ਾਰਿਸ਼ 62: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼, ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਅਤੇ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਅਸਲੀ ਵਿਵਸਾਇਕ ਲੋੜਾਂ (GOQs) ਦੀਆਂ ਪਰਿਭਾਸ਼ਾਵਾਂ ਵਿੱਚ ਸੋਧ ਕਰੇ। ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਉਹਨਾਂ ਨੂੰ ਇਸਦੇ ਤੌਰ ਤੇ ਪਰਿਭਾਸ਼ਤ ਕਰਕੇ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਵਿੱਚ ਅਨੁਕੂਲ ਬਣਾਇਆ ਜਾਏ:**

- **ਇੱਕ ਵਿਵਸਾਇਕ ਲੋੜ ਹੈ, ਜੋ ਸੁਰੱਖਿਅਤ ਵਿਸ਼ੇਸ਼ਤਾ ਨਾਲ ਸਬੰਧਿਤ ਹੈ;**
- **ਲੋੜ ਦਾ ਇਸਤੇਮਾਲ ਇੱਕ ਜਾਇਜ਼ ਉਦੇਸ਼ ਨੂੰ ਪੂਰਾ ਕਰਨ ਦਾ ਸੰਤੁਲਿਤ ਸਾਧਨ ਹੈ;**
- **ਬਿਨੈਕਾਰ ਜਾਂ ਕਾਮਾ ਲੋੜ ਪੂਰਾ ਨਹੀਂ ਕਰਦਾ; ਜਾਂ ਮਾਲਕ ਕੋਲ ਇਸ ਬਾਰੇ ਸੰਤੁਸ਼ਟ ਨਾ ਹੋਣ ਦੇ ਉਚਿਤ ਆਧਾਰ ਹਨ ਕਿ ਬਿਨੈਕਾਰ ਜਾਂ ਕਾਮਾ ਲੋੜ ਨੂੰ ਪੂਰਾ ਨਹੀਂ ਕਰਦਾ।**

**ਅਪੰਗਤਾ ਦੀ ਸੁਰੱਖਿਅਤ ਵਿਸ਼ੇਸ਼ਤਾ ਦੇ ਸੰਬੰਧ ਵਿੱਚ, ਛੋਟ ਵਿੱਚ ਦੱਸਿਆ ਜਾਣਾ ਚਾਹੀਦਾ ਹੈ ਕਿ ਇਹ ਤਦ ਲਾਗੂ ਨਹੀਂ ਹੁੰਦੀ, ਜਿੱਥੇ ਵਿਵਸਾਇਕ ਲੋੜ ਨੂੰ ਪੂਰਾ ਕਰਨ ਲਈ ਉਚਿਤ ਸਮਾਯੋਜਨ ਕੀਤਾ ਜਾ ਸਕਦਾ ਹੈ।**

**C. ਖ਼ਾਸ ਉਪਾਅ ਛੋਟਾਂ ਵਿੱਚ ਪੱਖਪਾਤੀ ਸਿਖਲਾਈ ਛੋਟਾਂ ਸ਼ਾਮਲ ਕਰਨਾ**

4.44 ਸਾਰੇ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ, ਵਰਤਮਾਨ ਵਿੱਚ ਮਾਲਕਾਂ ਜਾਂ ਟ੍ਰੇਡ ਯੂਨੀਅਨ ਸੰਸਥਾਵਾਂ ਵੱਲੋਂ ਪੱਖਪਾਤੀ ਸਿਖਲਾਈ ਨਾਲ ਸਬੰਧਿਤ ਛੋਟਾਂ ਹਨ। EOC ਮੰਨਦਾ ਹੈ ਕਿ ਇਹਨਾਂ ਖ਼ਾਸ ਛੋਟਾਂ ਦਾ ਹੋਣਾ ਜ਼ਰੂਰੀ ਨਹੀਂ ਹੈ, ਕਿਉਂਕਿ ਸੋਧੀਆਂ ਗਈਆਂ ਖ਼ਾਸ ਉਪਾਅ ਸ਼ਰਤਾਂ ਦੇ ਪ੍ਰਸਤਾਵਿਤ ਸ਼ਬਦ (ਇਸਤੇ ਪਹਿਲਾਂ ਚਰਚਾ ਕੀਤੀ ਗਈ ਹੈ) ਸਿਖਲਾਈ ਵਿੱਚ ਸ਼ਾਮਲ ਕਰਨ ਲਈ ਕਾਫੀ ਹੋਣਗੇ।

**<u>ਸਿਫ਼ਾਰਿਸ਼ 63</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਨੂੰ ਸਾਰੇ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਪੱਖਪਾਤੀ ਸਿਖਲਾਈ ਛੋਟਾਂ ਨੂੰ ਰੱਦ ਕਰਨਾ ਅਤੇ ਇਸਨੂੰ ਖ਼ਾਸ ਉਪਾਅ ਛੋਟਾਂ ਦੇ ਹਿੱਸੇ ਦੇ ਤੌਰ ਤੇ ਸ਼ਾਮਲ ਕਰਨਾ ਚਾਹੀਦਾ ਹੈ।**

**D. ਚੈਰਿਟੀਜ ਨਾਲ ਸਬੰਧਿਤ ਛੋਟ ਵਿੱਚ ਸੋਧ ਕਰਨਾ**

4.45 ਸਾਰੇ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਉਹਨਾਂ ਚੈਰਿਟੀਜ ਵੱਲੋਂ ਪੱਖਪਾਤ ਦੀ ਅਨੁਮਤੀ ਦੇਣ ਵਾਲੀਆਂ ਛੋਟਾਂ ਸ਼ਾਮਲ ਹਨ, ਜੋ ਕੇਵਲ ਸੁਰੱਖਿਅਤ ਵਿਸ਼ੇਸ਼ਤਾਵਾਂ ਵਾਲੇ ਵਿਅਕਤੀਆਂ ਨੂੰ ਹੀ ਲਾਭ ਮੁਹੱਈਆ ਕਰਦੀਆਂ ਹਨ। ਹਾਲਾਂਕਿ, ਇਸਦੀ ਕੋਈ ਲੋੜ ਨਹੀਂ ਹੈ ਕਿ ਉਹਨਾਂ ਲਾਭਾਂ ਦਾ ਪ੍ਰਬੰਧ ਇੱਕ ਜਾਇਜ਼ ਉਦੇਸ਼ ਅਤੇ ਅਨੁਪਾਤ ਲਈ ਹੈ। ਰਾਇ ਜਵਾਬ ਵਿੱਚ, ਕਈ ਸੰਸਥਾਵਾਂ ਨੇ ਸੋਧ ਦੇ ਸੰਭਾਵਿਤ ਅਸਰ ਅਤੇ ਜਾਇਜ਼ ਉਦੇਸ਼ ਅਤੇ ਅਨੁਪਾਤ ਦੀ ਲੋੜ ਦੇ ਸੰਭਾਵਿਤ ਇਸਤੇਮਾਲ ਤੇ ਚਿੰਤਾਵਾਂ ਪ੍ਰਗਟ ਕੀਤੀਆਂ ਸਨ, ਚੈਰਿਟੀਜ ਨੂੰ ਪਰਿਭਾਸ਼ਤ ਕਰਨ ਤੇ ਹੋਣ ਵਾਲੇ ਅਸਰ ਸਮੇਤ। ਇਸਨੂੰ ਦੇਖਦੇ ਹੋਏ, EOC ਮੰਨਦਾ ਹੈ ਕਿ ਇਸ ਸਮੱਸਿਆ ਤੇ ਸਬੰਧਿਤ ਹਿੱਸੇਦਾਰਾਂ ਨਾਲ ਹੋਰ ਮਸ਼ਵਰਾ ਕਰਨਾ ਮਹੱਤਵਪੂਰਣ ਹੋਵੇਗਾ।

**<u>ਸਿਫ਼ਾਰਿਸ਼ 64</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਮੁੱਖ ਹਿੱਸੇਦਾਰਾਂ ਨਾਲ ਹੋਰ ਮਸ਼ਵਰਾ ਕਰੇ ਕਿ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਚੈਰਿਟੀਜ ਛੋਟ ਵਿੱਚ ਕੋਈ ਸੋਧ ਕੀਤਾ ਕਰਨਾ ਸਹੀ ਹੈ ਜਾਂ ਨਹੀਂ।**

**E. ਸਮਾੱਲ ਹਾਊਸ ਪਾਲਸੀ (ਛੋਟਾ ਘਰ ਨੀਤੀ) ਦੀ ਸਮੀਖਿਆ**

4.46 ਨਵੀਂ ਖੇਤਰ ਸਮਾੱਲ ਹਾਊਸ ਪਾਲਸੀ ਔਰਤਾਂ ਨਾਲ ਪੱਖਪਾਤ ਕਰਦੀ ਹੈ ਅਤੇ SDO, FSDO ਅਤੇ RDO ਸਾਰਿਆਂ ਵਿੱਚ ਇਸ ਪੱਖਪਾਤ ਨੂੰ ਕਨੂੰਨੀ ਬਣਾਉਣ ਦੀਆਂ ਛੋਟਾਂ ਸ਼ਾਮਲ ਹਨ। ਰਾਇ ਜਵਾਬ ਵਿੱਚ, ਬਹੁਤ ਵੱਡੀ ਸੰਖਿਆ ਵਿੱਚ ਸੰਸਥਾਵਾਂ ਅਤੇ ਵਿਅਕਤੀਆਂ ਨੇ ਪਾਲਸੀ ਦੀ ਸਮੀਖਿਆ ਕਰਨ ਦੀ ਹਿਮਾਇਤ ਕੀਤੀ ਸੀ, ਕੁਝ ਸੰਸਥਾਵਾਂ ਨੇ ਇਹ ਵੀ ਕਿਹਾ ਕਿ ਪਾਲਸੀ ਰੱਦ ਹੋਣੀ ਚਾਹੀਦੀ ਹੈ ਕਿਉਂਕਿ ਇਹ ਸਪਸ਼ਟ ਤੌਰ ਤੇ ਔਰਤਾਂ ਦਾ ਪੱਖਪਾਤ ਕਰਦੀ ਹੈ ਅਤੇ ਲਿੰਗ ਸਮਾਨਤਾ ਤੇ ਅੰਤਰਰਾਸ਼ਟਰੀ ਮਨੁੱਖੀ ਹੱਕ ਬੰਦਸ਼ਾਂ ਦੀ ਉਲੰਘਣਾ ਕਰਦੀ ਹੈ।

**<u>ਸਿਫ਼ਾਰਿਸ਼ 65</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਵਿਆਪਕ ਤੌਰ ਤੇ ਸਮਾੱਲ ਹਾਊਸ ਪਾਲਸੀ ਦੀ ਸਮੀਖਿਆ ਕਰੇ ਅਤੇ ਇਸਤੇ ਵਿਚਾਰ ਕਰੇ ਕਿ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼, ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਅਤੇ ਪਰਿਵਾਰਕ ਸਥਿਤੀ ਸੰਬੰਧੀ ਪੱਖਪਾਤ ਅਧਿਆਦੇਸ਼ ਵਿੱਚ ਪਾਲਸੀ ਦੇ ਪੱਖਪਾਤਾਂ ਪੱਖਾਂ ਅਤੇ ਛੋਟਾਂ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ।**

**F. ਲਿੰਗ ਨਾਲ ਸਬੰਧਿਤ ਛੋਟਾਂ**

(i) ਕੱਦ, ਵਜ਼ਨ ਅਤੇ ਜੀਵਿਤ ਜੀਵਨਸਾਥੀ ਨਾਲ ਸਬੰਧਿਤ ਛੋਟਾਂ

4.47 SDO ਦੇ ਅਧੀਨ, ਲਿੰਗ ਨਾਲ ਸਬੰਧਿਤ ਛੋਟਾਂ ਅਤੇ ਕੱਦ ਜਾਂ ਵਜ਼ਨ; ਅਤੇ ਮਿਰਤਕ ਸਰਕਾਰੀ ਅਫ਼ਸਰਾਂ ਦੇ ਜੀਵਿਤ ਜੀਵਨਸਾਥੀ ਅਤੇ ਬੱਚਿਆਂ ਨੂੰ ਪੈਨਸ਼ਨ ਦੇ ਲਾਭ ਦੇਣ ਲਈ ਸ਼ਰਤਾਂ ਮੌਜੂਦ ਹਨ। EOC ਨਹੀਂ ਮੰਨਦਾ ਕਿ ਇਹਨਾਂ ਆਮ ਛੋਟਾਂ ਨੂੰ ਰੱਖਣ ਲਈ ਪੂਰੀ ਪ੍ਰਮਾਣਿਕਤਾ ਹੈ। ਹਾਲਾਂਕਿ, ਮਿਰਤਕ ਸਰਕਾਰੀ ਅਫ਼ਸਰਾਂ ਦੇ ਜੀਵਿਤ ਜੀਵਨਸਾਥੀ ਅਤੇ ਬੱਚਿਆਂ ਨੂੰ ਪੈਨਸ਼ਨ ਦੇਣ ਵਿੱਚ, EOC ਇਸਦੀ ਲੋੜ ਲਈ ਸਰਕਾਰ ਦੇ ਤਰਕ ਤੇ ਵਿਚਾਰ ਕਰਦਾ ਹੈ (ਕਿਉਂਕਿ ਅਜੇ ਵੀ ਮਾਰਚ 1993 ਤੋਂ ਪਹਿਲਾਂ ਨਿਯੁਕਤ ਅਫ਼ਸਰਾਂ ਦੇ ਬੱਚੇ ਪੈਨਸ਼ਨ ਪ੍ਰਾਪਤ ਕਰ ਰਹੇ ਹਨ) ਅਤੇ ਮੰਨਦਾ ਹੈ ਕਿ ਸਰਕਾਰ ਨੂੰ ਜਿੰਨੀ ਜਲਦੀ ਹੋ ਸਕੇ ਛੋਟਾਂ ਨੂੰ ਰੱਦ ਕਰਨਾ ਚਾਹੀਦਾ ਹੈ, ਪੱਖਪਾਤੀ ਸ਼ਰਤਾਂ ਦੇ ਮੁਤਾਬਕ ਹੁਣ ਪੈਨਸ਼ਨ ਪ੍ਰਾਪਤ ਕਰਨ ਵਾਲੇ ਕੋਈ ਵਿਅਕਤੀ ਨਹੀਂ ਹਨ।

**ਸਿਫ਼ਾਰਿਸ਼ 66: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਲਿੰਗ ਨਾਲ ਸਬੰਧਿਤ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ (SDO) ਵਿੱਚ ਛੋਟਾਂ ਨੂੰ ਰੱਦ ਕਰੇ ਅਤੇ:**

- **ਕੱਦ ਜਾਂ ਵਜ਼ਨ ਦੀਆਂ ਸ਼ਰਤਾਂ (ਸੂਚੀ 5 SDO ਦੇ ਭਾਗ 2 ਦਾ ਵਿਸ਼ਾ 1(a));**
- **ਮਿਰਤਕ ਸਰਕਾਰੀ ਅਫ਼ਸਰਾਂ ਦੇ ਜੀਵਿਤ ਜੀਵਨਸਾਥੀ ਅਤੇ ਬੱਚਿਆਂ ਨੂੰ ਪੈਨਸ਼ਨ ਦੇ ਲਾਭ ਦੇਣਾ (ਸੂਚੀ 5 SDO ਦੇ ਭਾਗ 2 ਦਾ ਵਿਸ਼ਾ 7)।**

(ii) ਕਰੈਕਸ਼ਨਲ ਸਰਵਿਸਿਜ ਡਿਪਾਰਟਮੈਂਟ (CORRECTIONAL SERVICES DEPARTMENT) ਵਿੱਚ ਨਿਯੁਕਤ ਪੁਰਸ਼ਾਂ ਅਤੇ ਔਰਤਾਂ ਦੀ ਸੰਖਿਆ

4.48 ਵਰਤਮਾਨ ਵਿੱਚ SDO ਵਿੱਚ, ਮਾਲਕੀ ਵਾਲੇ ਦਫ਼ਤਰ ਜਾਂ ਦਫ਼ਤਰ ਦੀ ਸ਼੍ਰੇਣੀ ਵਿੱਚ ਭਰਤੀ ਕੀਤੇ ਜਾਣ ਵਾਲੇ ਹਰੇਕ ਲਿੰਗ ਦੇ ਵਿਅਕਤੀਆਂ ਦੀ ਸੰਖਿਆ ਦੇ ਸੰਬੰਧ ਵਿੱਚ ਲਿੰਗ ਪੱਖਪਾਤ ਨੂੰ ਅਨੁਮਤੀ ਦੇਣ ਵਾਲੀ ਛੋਟ ਹੈ, ਜਿਸ ਬਾਰੇ ਸਰਕਾਰ ਨੇ ਸੂਚਿਤ ਕੀਤਾ ਹੈ ਕਿ ਉਹ ਖ਼ਾਸ ਕਰਕੇ ਕਰੈਕਸ਼ਨਲ ਸਰਵਿਸਿਜ ਡਿਪਾਰਟਮੈਂਟ ਅਤੇ ਉਸਦੀਆਂ ਸੰਚਾਲਨ ਸੰਬੰਧੀ ਲੋੜਾਂ ਨਾਲ ਸਬੰਧਿਤ ਹੈ। ਰਾਇ ਜਵਾਬ ਵਿੱਚ, ਕੁਝ ਸਮੂਹਾਂ ਨੇ ਸੂਚਿਤ ਕੀਤਾ ਕਿ ਛੋਟ ਜੇਲ੍ਹ ਦੇ ਨਿਯਮਾਂ ਦੇ ਮੁਤਾਬਕ ਢੁਕਵੀਂ ਸੀ, ਜਿਸਦੀ ਸ਼ਰਤ ਹੈ ਕਿ ਕੈਦ ਵਿੱਚ ਵਿਅਕਤੀਆਂ ਨੂੰ ਕੇਵਲ ਉਸੇ ਲਿੰਗ ਦੇ ਅਫ਼ਸਰ ਵੱਲੋਂ ਹੀ ਸੇਵਾ ਦਿੱਤੀ ਜਾਏਗੀ ਜਾਂ ਤਲਾਸ਼ੀ ਲਈ ਜਾਏਗੀ। EOC ਨੇ ਇਹਨਾਂ ਚਿੰਤਾਵਾਂ ਤੇ ਵਿਚਾਰ ਕੀਤਾ, ਪਰੰਤੂ ਇਸਦਾ ਮੰਨਣਾ ਹੈ ਕਿ ਅਜਿਹੀਆਂ ਸਥਿਤੀਆਂ ਦਾ ਪਤਾ ਮੌਜੂਦਾ GOQ ਛੋਟਾਂ ਦੇ ਨਾਲ-ਨਾਲ SDO ਦੇ ਅਧੀਨ "ਸੰਵਿਧਾਨਕ ਛੋਟ" ਦੇ ਅਸਰ ਰਾਹੀਂ ਲਗਾਇਆ ਜਾ ਸਕਦਾ ਹੈ।[3] ਇਸਲਈ, ਇੱਕ ਆਮ ਛੋਟ ਰੱਖਣ ਦੀ ਲੋੜ ਨਹੀਂ ਹੈ।

**ਸਿਫ਼ਾਰਿਸ਼ 67: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਮਾਲਕੀ ਵਾਲੇ ਦਫ਼ਤਰ ਜਾਂ ਦਫ਼ਤਰ ਦੀ ਸ਼੍ਰੇਣੀ (ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਦੀ ਸੂਚੀ 5 SDO ਦੇ ਭਾਗ 2 ਦਾ ਵਿਸ਼ਾ 1(b) ) ਵਿੱਚ ਭਰਤੀ ਕੀਤੇ ਜਾਣ ਵਾਲੇ ਹਰੇਕ ਲਿੰਗ ਦੇ ਵਿਅਕਤੀਆਂ ਦੀ ਸੰਖਿਆ ਦੇ ਸੰਬੰਧ ਵਿੱਚ ਲਿੰਗ ਦੇ ਆਧਾਰ ਤੇ ਪੱਖਪਾਤ ਨੂੰ ਅਨੁਮਤੀ ਦੇਣ ਵਾਲੀ ਛੋਟ ਨੂੰ ਰੱਦ ਕਰੇ।**

(iii) SDO ਦੇ ਅਧੀਨ ਬਚਾਉ ਸੁਰੱਖਿਆ ਨਾਲ ਸਬੰਧਿਤ ਛੋਟ

[3] ਕਨੂੰਨੀ ਛੋਟ ਦਾ ਪ੍ਰਭਾਵ ਇਹ ਹੈ ਕਿ ਜੇਕਰ ਵਿਧਾਨ ਦੇ ਦੂਜੇ ਖੰਡ ਵਿੱਚ ਕੋਈ ਸ਼ਰਤ ਹੈ, ਜੋ ਵਿਸ਼ੇਸ਼ ਰੂਪ ਨਾਲ ਲਿੰਗ ਸੰਬੰਧੀ ਪੱਖਪਾਤ ਦੀ ਅਨੁਮਤੀ ਦਿੰਦੀ ਹੈ, ਲਿੰਗ ਸੰਬੰਧੀ ਪੱਖਪਾਤ ਤੇ ਰੋਕ ਉਸ ਖ਼ਾਸ ਸਮੱਸਿਆ ਤੇ ਲਾਗੂ ਨਹੀਂ ਹੁੰਦੀ।

4.49 SDO ਵਿੱਚ ਹਾਂਗ ਕਾਂਗ ਦੀ ਸੁਰੱਖਿਆ ਦੇ ਬਚਾਉ ਦੇ ਉਦੇਸ ਲਈ ਕੀਤੇ ਜਾਣ ਵਾਲੇ ਕੰਮਾਂ ਲਈ ਲਿੰਗ ਦੇ ਆਧਾਰ ਤੇ ਅਨੁਮਤੀ ਦੇਣ ਵਾਲੀ ਇੱਕ ਛੋਟ ਹੈ। EOC ਮੰਨਦਾ ਹੈ ਕਿ ਸਰਕਾਰ ਨੂੰ ਇਸ ਛੋਟ ਦੀ ਲੋੜ ਦੇ ਸੰਬੰਧ ਵਿੱਚ ਪ੍ਰਮਾਣ ਮੁਹੱਈਆ ਕਰਨਾ ਚਾਹੀਦਾ ਹੈ। EOC ਇਸ ਬਾਰੇ ਫ਼ਿਕਰਮੰਦ ਹੈ ਕਿ ਛੋਟ ਕੰਮਾਂ ਦੇ ਸੰਤੁਲਿਤ ਹੋਣ ਦੀ ਮੰਗ ਨਹੀਂ ਕਰਦੀ; ਇਹ ਵਿਚਾਰ ਕੁਝ ਸੰਸਥਾਵਾਂ ਵੱਲੋਂ ਉਹਨਾਂ ਦੇ ਰਾਇ ਜਵਾਬਾਂ ਵਿੱਚ ਵੀ ਪ੍ਰਗਟ ਕੀਤੇ ਗਏ ਸਨ।

**<u>ਸਿਫ਼ਾਰਿਸ਼ 68</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਸ ਸੰਬੰਧ ਵਿੱਚ ਹਾਂਗ ਕਾਂਗ ਦੀ ਸੁਰੱਖਿਆ ਦੇ ਬਚਾਉ ਦੇ ਸੰਬੰਧ ਵਿੱਚ ਲਿੰਗ ਪੱਖਪਾਤ ਦੀ ਅਨੁਮਤੀ ਦਿੰਦੇ ਹੋਏ, ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਸੈਕਸ਼ਨ 59 ਦੇ ਅਧੀਨ ਛੋਟ ਦੀ ਸਮੀਖਿਆ ਕਰੇ ਕਿ, ਇਸਨੂੰ ਰੱਖਣਾ ਸਹੀ ਜਾਂ ਰੱਦ ਕਰਨਾ ਅਤੇ ਜੇਕਰ ਇਸਨੂੰ ਰੱਖਿਆ ਜਾਂਦਾ ਹੈ ਤਾਂ ਇੱਕ ਅਨੁਪਾਤ ਸੰਬੰਧੀ ਸ਼ਰਤਾ ਸ਼ਾਮਲ ਕਰਨ ਲਈ ਇਸ ਵਿੱਚ ਸੋਧ ਕੀਤਾ ਜਾਣਾ ਚਾਹੀਦਾ ਹੈ।**

(iv) <u>ਧਰਮ ਦੇ ਆਧਾਰ ਤੇ ਰੁਜ਼ਗਾਰ ਵਿੱਚ ਲਿੰਗ ਪੱਖਪਾਤ ਦੀ ਅਨੁਮਤੀ ਦੇਣ ਵਾਲੀ ਛੋਟ</u>

4.50 ਵਰਤਮਾਨ ਵਿੱਚ SDO ਦੇ ਅਧੀਨ, ਲਿੰਗ ਪੱਖਪਾਤ ਨਾਲ ਸਬੰਧਿਤ ਛੋਟਾਂ ਹਨ, ਜਿੱਥੇ ਇਹ ਰੁਜ਼ਗਾਰ ਜਾਂ ਕਿਸੇ ਸੰਗਠਿਤ ਧਰਮ ਲਈ ਯੋਗਤਾ ਨਾਲ ਸਬੰਧਿਤ ਹੈ, ਜੋ ਤਦ ਲਾਗੂ ਹੁੰਦੀ ਹੈ, ਜਿੱਥੇ ਪੱਖਪਾਤ ਧਰਮ ਦੇ ਸਿਧਾਂਤਾਂ ਦੀ ਪਾਲਣਾ ਕਰਨ ਲਈ ਜਾਂ ਧਾਰਮਿਕ ਸੰਵੇਦਨਸ਼ੀਲਤਾਵਾਂ, ਜੋ ਇਸਦੇ ਸ਼ਰਧਾਲੂਆਂ ਲਈ ਆਮ ਹਨ, ਦੀ ਉਲੰਘਣਾ ਕਰਨ ਤੋਂ ਪਰਹੇਜ਼ ਲਈ ਲਾਜ਼ਮੀ ਹੁੰਦਾ ਹੈ। EOC ਨੇ ਇਸਤੇ ਰਾਇ ਲਈ ਸੀ ਕਿ ਵਿਵਾਹਕ ਸਥਿਤੀ ਪੱਖਪਾਤ ਨੂੰ ਵੀ ਸ਼ਾਮਲ ਕਰਨ ਲਈ ਇਸ ਛੋਟ ਦਾ ਵਿਸਤਾਰ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਰਾਇ ਵਿੱਚ, ਵੱਡੀ ਸੰਖਿਆ ਵਿੱਚ ਸੰਸਥਾਵਾਂ, ਜਿਹਨਾਂ ਵਿੱਚੋਂ ਕਈ ਧਾਰਮਿਕ ਸੰਸਥਾਵਾਂ ਸਨ, ਨੇ ਪ੍ਰਸਤਾਵ ਨੂੰ ਸਹਿਮਤੀ ਦਿੱਤੀ। ਹੋਰਾਂ ਨੇ ਸੂਚਿਤ ਕੀਤਾ ਕਿ ਦਿੱਤੀ ਗਈ ਛੋਟ ਦੇ ਵਿਸਤਾਰ ਬਾਰੀਕੀ ਨਾਲ ਸਮਝਿਆ ਜਾਣਾ ਚਾਹੀਦਾ ਹੈ ਅਤੇ ਜਾਇਜ਼ ਉਦੇਸ਼ ਅਤੇ ਅਨੁਪਾਤ ਦੀ ਜਾਂਚ ਪੂਰੀ ਹੋਣ ਚਾਹੀਦੀ ਹੈ। EOC ਦਾ ਮੰਨਣਾ ਹੈ ਕਿ ਧਰਮ ਦੀ ਸੁਤੰਤਰਤਾ ਦੇ ਹੱਕ ਦਾ ਸਨਮਾਨ ਕਰਨਾ ਲਾਜ਼ਮੀ ਹੈ, ਜਿਸਨੂੰ ਪੱਖਪਾਤ ਦਾ ਸਾਹਮਣਾ ਨਾ ਕਰਨ ਦੇ ਦੂਜਿਆਂ ਦੇ ਹੱਕ ਨਾਲ ਸੰਤੁਲਿਤ ਕੀਤਾ ਜਾਣਾ ਚਾਹੀਦਾ ਹੈ। ਕੁੱਲ ਮਿਲਾ ਕੇ, EOC ਮੰਨਦਾ ਹੈ ਕਿ ਸਮੱਸਿਆ ਸਾਰੇ ਸਬੰਧਿਤ ਹਿੱਸੇਦਾਰਾਂ ਦੇ ਕ੍ਰਮ ਵਿੱਚ, ਜਨਤਕ ਰਾਇ ਦੇ ਅਧੀਨ ਹੋਣੀ ਚਾਹੀਦੀ ਹੈ ਅਤੇ ਵਿਚਾਰ ਮੁਹੱਈਆ ਕੀਤੇ ਜਾ ਸਕਦੇ ਹਨ। ਰਾਇ ਸਹਿਵਾਸ ਸੰਬੰਧਾਂ ਨਾਲ ਸਬੰਧਿਤ SDO ਦੇ ਅਧੀਨ ਵਿਵਾਹਕ ਸਥਿਤੀ ਪੱਖਪਾਤ ਤੋਂ ਰੱਖਿਆ ਲਈ ਸੰਭਾਵਿਤ ਸੁਧਾਰਾਂ ਤੇ ਰਾਇ ਦਾ ਹਿੱਸਾ ਹੋ ਸਕਦੀ ਹੈ ਅਤੇ ਕਿਸੇ ਛੋਟ ਦੀ ਲੋੜ ਹੈ ਜਾਂ ਨਹੀਂ, ਜਿਵੇਂ ਅਧਿਆਇ 3 ਵਿੱਚ ਵਰਣਨ ਕੀਤਾ ਗਿਆ ਹੈ।

**<u>ਸਿਫ਼ਾਰਿਸ਼ 69</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਇਸ ਬਾਰੇ ਜਨਤਾ ਨਾਲ ਮਸ਼ਵਰਾ ਕਰੇ ਕਿ ਵਿਵਾਹਕ ਸਥਿਤੀ ਦੇ ਆਧਾਰ ਲਈ, ਰੁਜ਼ਗਾਰ ਦੇ ਖੇਤਰ ਵਿੱਚ ਲਿੰਗ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਸੈਕਸ਼ਨ 22 ਵਿੱਚ ਧਾਰਮਿਕ ਛੋਟ ਦੇ ਵਿਸਤਾਰ ਲਈ ਪ੍ਰਮਾਣ ਅਤੇ ਪ੍ਰਮਾਣਿਕਤਾ ਹੈ ਜਾਂ ਨਹੀਂ।**

### G. ਪਰਿਵਾਰਕ ਸਥਿਤੀ ਨਾਲ ਸਬੰਧਿਤ ਛੋਟਾਂ

4.51 FSDO ਇੱਕ ਛੋਟ ਮੁਹੱਈਆ ਕਰਦਾ ਹੈ, ਜੋ ਕਿਸੇ ਵਿਅਕਤੀ ਦੀ ਇੱਕ ਸਗੇ ਪਰਿਵਾਰਕ ਮੈਂਬਰ ਦੀ ਦੇਖਭਾਲ ਦੀ ਜ਼ਿੰਮੇਵਾਰੀ ਹੋਣ ਦੀ ਪਰਿਵਾਰਕ ਸਥਿਤੀ ਦੇ ਆਧਾਰਾਂ ਤੇ ਬੀਮਾ ਪ੍ਰੀਮੀਅਮਾਂ ਦੇ ਸੰਬੰਧ ਵਿੱਚ ਪੱਖਪਾਤ ਦੀ ਅਨੁਮਤੀ ਦਿੰਦੀ

ਹੈ। ਹਾਲਾਂਕਿ, EOC ਨਹੀਂ ਮੰਨਦਾ ਕਿ ਉਹਨਾਂ ਵਿਅਕਤੀਆਂ ਲਈ ਸਗੇ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਕਰਨ ਲਈ ਬੀਮਾ ਪ੍ਰੀਮੀਅਮਾਂ ਦੇ ਭਿੰਨ ਪੱਧਰ ਹੋਣ ਦੀ ਪ੍ਰਮਾਣਿਕਤਾ ਲਈ ਪ੍ਰਮਾਣ ਜਾਂ ਕਾਰਨ ਹੈ।

**<u>ਸਿਫ਼ਾਰਿਸ਼ 70</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਪਰਿਵਾਰਕ ਸਥਿਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਸੈਕਸ਼ਨ 38 ਵਿੱਚ ਬੀਮੇ ਨਾਲ ਸਬੰਧਿਤ ਛੋਟ ਨੂੰ ਰੱਦ ਕਰੇ।**

**H. ਅਪੰਗਤਾ ਨਾਲ ਸਬੰਧਿਤ ਛੋਟਾਂ**

4.52 DDO ਵਿੱਚ ਨਿਊਨਤਮ ਮਜ਼ਦੂਰੀ ਅਧਿਆਦੇਸ਼ (Minimum Wage Ordinance) (MWO) ਦੇ ਅਧੀਨ ਸ਼ਰਤਾਂ ਨਾਲ ਸਬੰਧਿਤ ਛੋਟਾਂ, ਜੋ ਅਪੰਗ ਵਿਅਕਤੀਆਂ ਨੂੰ ਨਿਊਨਤਮ ਮਜ਼ਦੂਰੀ ਤੋਂ ਘੱਟ ਭੁਗਤਾਨ ਕਰਨ ਦੀ ਅਨੁਮਤੀ ਦਿੰਦੀ ਹੈ, ਜਿੱਥੇ ਉਨਹਾਂ ਦਾ ਮੁਲਾਂਕਣ ਪੂਰੀ ਉਤਪਾਦਕਤਾ ਤੋਂ ਘੱਟ ਹੋਣ ਦੇ ਤੌਰ ਤੇ ਕੀਤਾ ਗਿਆ ਹੈ। ਛੋਟ ਦੀ ਸੀਮਾ, ਜਿਵੇਂ ਸਰਕਾਰ ਵੱਲੋਂ ਸਪਸ਼ਟ ਕੀਤਾ ਗਿਆ ਹੈ, ਅਪੰਗ ਵਿਅਕਤੀਆਂ ਦੀ ਸਹਾਇਤਾ ਲਈ ਹੈ, ਜਿਹਨਾਂ ਦੀ ਕੰਮ ਪ੍ਰਾਪਤ ਕਰਨ ਜਾਂ ਕੰਮ ਤੇ ਰਹਿਣ ਦੀ ਪੂਰੀ ਉਤਪਾਦਕਤਾ ਨਹੀਂ ਹੁੰਦੀ। ਇੱਕ ਮਹੱਤਵਪੂਰਣ ਬਚਾਉ ਕੇਵਲ ਇਹ ਹੈ ਕਿ ਅਪੰਗ ਵਿਅਕਤੀ ਮੁਲਾਂਕਣ ਦੀ ਬੇਨਤੀ ਕਰ ਸਕਦੇ ਹਨ, ਮਾਲਕ ਨਹੀਂ। ਜਨਤਕ ਰਾਇ ਵਿੱਚ, ਅਪੰਗ ਵਿਅਕਤੀਆਂ ਲਈ ਕੰਮ ਕਰਨ ਵਾਲੀਆਂ ਕਈ ਸੰਸਥਾਵਾਂ ਸਨ, ਜਿਹਨਾਂ ਨੇ ਇਸ ਨਾਲ ਸਬੰਧਿਤ ਬਹੁਤ ਭਿੰਨ ਵਿਚਾਰਾਂ ਨਾਲ ਜਵਾਬ ਮੁਹੱਈਆ ਕੀਤੇ ਕਿ ਉਤਪਾਦਕਤਾ ਮੁਲਾਂਕਣ ਪ੍ਰਣਾਲੀ ਅਤੇ ਛੋਟਾਂ ਰੱਦ ਕੀਤੀਆਂ ਜਾਂ ਰੱਖੀਆਂ ਜਾਣੀਆਂ ਚਾਹੀਦੀਆਂ ਹਨ ਜਾਂ ਨਹੀਂ।

**<u>ਸਿਫ਼ਾਰਿਸ਼ 71</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਰੁਜ਼ਗਾਰ ਵਿੱਚ ਅਪੰਗ ਵਿਅਕਤੀਆਂ ਲਈ ਉਤਪਾਦਕਤਾ ਮੁਲਾਂਕਣ ਪ੍ਰਣਾਲੀ ਦੇ ਆਵਰਤੀ ਆਧਾਰ ਤੇ ਨਿਰੀਖਣ ਕਰਨਾ ਜਾਰੀ ਰੱਖੇ ਅਤੇ ਇਹ ਨਿਰਧਾਰਿਤ ਕਰੇ ਕਿ ਅਪੰਗਤਾ ਸੰਬੰਧੀ ਪੱਖਪਾਤ ਅਧਿਆਦੇਸ਼ ਦੀ ਸੂਚੀ 5 ਦੇ ਵਿਸ਼ਿਆਂ 1 ਤੋਂ 3 ਦੇ ਅਧੀਨ ਛੋਟ ਦੇ ਸੰਬੰਧ ਵਿੱਚ ਕਿਹੜੀ ਕਾਰਵਾਈ, ਜੇਕਰ ਕੋਈ ਹੈ, ਸਹੀ ਹੋ ਸਕਦੀ ਹੈ।**

**I. ਜਾਤੀ ਨਾਲ ਸਬੰਧਿਤ ਛੋਟਾਂ**

4.53 RDO ਵਿੱਚ ਨਿਯਮਾਂ ਅਤੇ ਸ਼ਰਤਾਂ ਨਾਲ ਸਬੰਧਿਤ ਇੱਕ ਛੋਟ ਸ਼ਾਮਲ ਹੈ, ਜਿਸ ਦੁਆਰਾ ਕਿਸੇ ਵਿਅਕਤੀ ਨੂੰ ਵਿਦੇਸ਼ ਤੋਂ ਹਾਂਗ ਕਾਂਗ ਦੇ ਕਿਸੇ ਅਦਾਰੇ ਵਿੱਚ ਨਿਯੁਕਤ ਕੀਤਾ ਜਾਂਦਾ ਹੈ ਅਤੇ ਉਸਦੇ ਪਦ ਲਈ ਖ਼ਾਸ ਕੁਸ਼ਲਤਾਵਾਂ, ਗਿਆਨ ਜਾਂ ਅਨੁਭਵ ਦੀ ਲੋੜ ਹੁੰਦੀ ਹੈ, ਜੋ ਹਾਂਗ ਕਾਂਗ ਵਿੱਚ ਛੇਤੀ ਉਪਲਬਧ ਨਹੀਂ ਹੁੰਦਾ। EOC ਨਹੀਂ ਮੰਨਦਾ ਕਿ ਇਹ ਛੋਟ ਲਾਜ਼ਮੀ ਹੈ ਅਤੇ ਹੋਰਾਂ ਵਿਅਕਤੀਆਂ ਦੇ ਮੁਕਾਬਲੇ ਵਿਦੇਸ਼ੀ ਨਵੀਆਂ ਭਰਤੀਆਂ ਦੇ ਰੁਜ਼ਗਾਰ ਸੰਬੰਧੀ ਨਿਯਮਾਂ ਅਤੇ ਸ਼ਰਤਾਂ ਵਿੱਚ ਅੰਤਰਾਂ ਨਾਲ ਸਬੰਧਿਤ ਸਮੱਸਿਆਵਾਂ ਨਾਲ ਮੌਜੂਦ ਪ੍ਰਤੱਖ ਅਤੇ ਅਪ੍ਰਤੱਖ ਜਾਤੀ ਪੱਖਪਾਤ ਸ਼ਰਤਾਂ ਦੇ ਅਧੀਨ ਵੱਖ-ਵੱਖ ਮਾਮਲਿਆਂ ਦੇ ਆਧਾਰ ਤੇ ਵਿਹਾਰ ਕੀਤਾ ਜਾਣਾ ਚਾਹੀਦਾ ਹੈ।

**<u>ਸਿਫ਼ਾਰਿਸ਼ 72</u>: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਸੈਕਸ਼ਨ 13 ਨੂੰ ਰੱਦ ਕਰੇ, ਜੋ ਖ਼ਾਸ ਕੁਸ਼ਲਤਾਵਾਂ, ਗਿਆਨ ਜਾਂ ਅਨੁਭਵ ਨਾਲ ਵਿਦੇਸ਼ ਤੋਂ ਆਉਣ ਵਾਲੇ ਵਿਅਕਤੀਆਂ ਦੀਆਂ ਰੁਜ਼ਗਾਰ ਸ਼ਰਤਾਂ ਵਿੱਚ ਪੱਖਪਾਤ ਦੀ ਅਨੁਮਤੀ ਦਿੰਦਾ ਹੈ।**

4.54 RDO ਵੀ ਇੱਕ ਛੋਟ ਮੁਹੱਈਆ ਕਰਦਾ ਹੈ, ਜੋ ਨਿਰਦਿਸ਼ਟ ਜਨਤਕ ਪਦਾਂ ਲਈ ਸਥਾਨਕ ਜਾਂ ਵਿਦੇਸ਼ੀ ਸਟਾਫ ਲਈ ਰੁਜ਼ਗਾਰ ਦੇ ਸੰਦਰਭ ਵਿੱਚ ਅੰਤਰਾਂ ਦੀ ਅਨੁਮਤੀ ਦਿੰਦੀ ਹੈ। ਛੋਟ ਉਵੇਂ ਹੀ ਨਿਯਤ ਹੈ, ਜਿਵੇਂ ਅਤੀਤ ਵਿੱਚ ਸੀ, ਇਸ ਆਧਾਰ ਤੇ ਰੁਜ਼ਗਾਰ ਸ਼ਰਤਾਂ ਵਿੱਚ ਢੁਕਵੇਂ ਅੰਤਰ ਸਨ ਕਿ ਵਿਅਕਤੀ ਵਿਦੇਸ਼ ਤੋਂ ਹੈ ਜਾਂ ਨਹੀਂ। ਰਾਇ ਜਵਾਬ ਦੇ ਸੰਬੰਧ ਵਿੱਚ, ਸੰਸਥਾਵਾਂ ਵੱਲੋਂ ਸ਼ਰਤਾਂ ਨੂੰ ਰੱਦ ਕਰਨ ਦਾ ਜ਼ੋਰਦਾਰ ਸਮਰਥਨ ਪ੍ਰਾਪਤ ਹੋਇਆ ਸੀ, ਜਿਹਨਾਂ ਵਿੱਚੋਂ ਕੁਝ ਨੇ ਸੂਚਿਤ ਕੀਤਾ ਕਿ ਇਹ ਹਾਂਗ ਕਾਂਗ ਨਿਵਾਸੀਆਂ ਅਤੇ ਵਿਦੇਸ਼ੀਆਂ ਵਿਚਕਾਰ ਜਾਤੀ ਸੰਬੰਧੀ ਅੰਤਰ ਦੀ ਅਨੁਮਤੀ ਦਿੰਦੀ ਹੈ। EOC ਦਾ ਮੰਨਣਾ ਹੈ ਕਿ ਸਰਕਾਰ ਨੂੰ ਸਮੀਖਿਆ ਕਰਨੀ ਚਾਹੀਦੀ ਹੈ ਕਿ ਰੁਜ਼ਗਾਰ ਦੀ ਅਜਿਹੀਆਂ ਸ਼ਰਤਾਂ ਵਿੱਚ ਕਿਸੇ ਵੀ ਅੰਤਰਾਂ ਨੂੰ ਖ਼ਤਮ ਕਰਨ ਲਈ ਕਿਹੜੇ ਕਦਮ ਚੁੱਕੇ ਜਾ ਸਕਦੇ ਹਨ ਤਾਂ ਜੋ ਵਿਵਹਾਰ ਵਿੱਚ ਅਸਮਾਨਤਾ ਖ਼ਤਮ ਅਤੇ ਛੋਟ ਰੱਦ ਕੀਤੀ ਜਾ ਸਕੇ।

**ਸਿਫ਼ਾਰਿਸ਼ 73: ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਜਿੰਨੀ ਜਲਦੀ ਹੋ ਸਕੇ, ਜਾਤੀ ਸੰਬੰਧੀ ਪੱਖਪਾਤ ਅਧਿਆਦੇਸ਼ ਦੇ ਸੈਕਸ਼ਨ 14 ਅਤੇ ਸੂਚੀ 2 ਵਿੱਚ ਛੋਟਾਂ ਨੂੰ ਰੱਦ ਕਰੇ, ਜੋ ਵਿਦੇਸ਼ੀ ਅਤੇ ਸਥਾਨਕ ਸਟਾਫ ਲਈ ਰੁਜ਼ਗਾਰ ਦੇ ਸੰਦਰਭ ਵਿੱਚ ਅੰਤਰਾਂ ਦੀ ਅਨੁਮਤੀ ਦਿੰਦਾ ਹੈ।**

## ਅਧਿਆਇ 5: ਉਹ ਖੇਤਰ, ਜਿੱਥੇ ਸੁਧਾਰ ਕੀਤੇ ਗਏ ਹਨ

1. EOC ਖੁਸ਼ ਹੈ ਕਿ ਅਨੇਕ ਅਜਿਹੀਆਂ ਸਮੱਸਿਆਵਾਂ ਹਨ, ਜਿੱਥੇ ਸਰਕਾਰ ਨੇ DLR ਤੇ ਜਨਤਕ ਰਾਇ ਤੋਂ ਬਾਅਦ ਚਾਰ ਪੱਖਪਾਤ-ਵਿਰੋਧੀ ਅਧਿਆਦੇਸ਼ਾਂ ਵਿੱਚ ਵਿਧਾਨਕ ਸੁਧਾਰ ਲਾਗੂ ਕੀਤੇ ਹਨ। ਕਿਉਂਕਿ ਹੇਠਾਂ ਦਿੱਤੇ ਗਏ ਖ਼ਾਸ ਖੇਤਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਹਨ, ਇਸਲਈ ਕੋਈ ਹੋਰ ਕਾਰਵਾਈ ਲੋੜੀਂਦੀ ਨਹੀਂ ਹੈ।

   A. ਗਾਹਕਾਂ ਵੱਲੋਂ ਸੇਵਾ ਪ੍ਰਦਾਤਾਵਾਂ ਦੇ ਸੈਕਸੁਅਲ ਉਤਪੀੜਨ ਨੂੰ ਰੋਕਣ ਲਈ ਨਵੀਆਂ ਸ਼ਰਤਾਂ ਪੇਸ਼ ਕਰਨਾ, ਸਮਾਨ ਸਹੂਲਤਾਂ ਅਤੇ ਸੇਵਾਵਾਂ ਦੇ ਪ੍ਰਬੰਧ ਸਬੰਧੀ ਹਾਂਗ ਕਾਂਗ ਦੇ ਰਜਿਸਟਰਡ ਜਹਾਜਾਂ ਅਤੇ ਵਿਮਾਨ ਤੇ ਉਤਪੀੜਨ ਦੀ ਜਵਾਬਦੇਹੀ ਸਮੇਤ [ਲਿੰਗ ਪੱਖਪਾਤ (ਸੰਸ਼ੋਧਨ) ਅਧਿਆਦੇਸ਼ 2014]
   B. EOC ਵੱਲੋਂ ਅਪੰਗਤਾ ਦਾਅਵਿਆਂ ਦੇ ਸੰਬੰਧ ਵਿੱਚ ਪੱਖਪਾਤ ਅਭਿਆਸਾਂ ਲਈ ਤਾਮੀਲ ਨੋਟਿਸ ਜਾਰੀ ਕਰਨਾ [ਵਿਧਾਨ ਸਭਾ ਦਾ ਲਿਖਤੀ ਕਨੂੰਨ (ਵਿਵਿਧ ਸ਼ਰਤਾਂ) ਅਧਿਆਦੇਸ਼ 2014]
   C. EOC ਦੇ ਮੈਂਬਰਾਂ ਅਤੇ ਸਟਾਫ ਦੀ ਨਿੱਜੀ ਜਵਾਬਦੇਹੀ ਤੋਂ ਰੱਖਿਆ, ਜਿੱਥੇ ਉਹ ਬਿਹਤਰ ਹਿਤ ਵਿੱਚ ਕੰਮ ਕਰਦੇ ਹਨ [ਵਿਧਾਨ ਸਭਾ ਦਾ ਲਿਖਤੀ ਕਨੂੰਨ (ਵਿਵਿਧ ਸ਼ਰਤਾਂ) ਅਧਿਆਦੇਸ਼ 2014]
   D. ਇਹਨਾਂ ਦੇ ਸੰਬੰਧ ਵਿੱਚ SDO ਦੇ ਅਧੀਨ ਲਿੰਗ ਅਤੇ ਵਿਵਾਹਕ ਸਥਿਤੀ ਪੱਖਪਾਤ ਸੰਬੰਧੀ ਛੋਟਾਂ ਨੂੰ ਰੱਦ ਕਰਨਾ:
      - ਪੁਲਿਸ ਟੈਕਟੀਕਲ ਯੂਨਿਟ (Police Tactical Unit) ਵਿੱਚ ਪੁਰਸ਼ਾਂ ਲਈ ਪਦਾਂ ਦੇ ਰਾਖਵੇਂਕਰਨ ਵਿੱਚ ਪੱਖਪਾਤ: ਸੂਚੀ 5 SDO ਦਾ ਵਿਸ਼ਾ 1(c) ਭਾਗ 2;
      - ਹਥਿਆਰ ਚਲਾਉਣ ਦੀ ਸਿਖਲਾਈ ਵਿੱਚ ਪੱਖਪਾਤ: ਸੂਚੀ 5 SDO ਦਾ ਵਿਸ਼ਾ 1(d) ਭਾਗ 2;
      - ਪ੍ਰਜਨਨ ਟੈਕਨਾਲੋਜੀ ਦੇ ਪ੍ਰਬੰਧ ਵਿੱਚ ਭਿੰਨ ਵਿਵਾਹਕ ਸਥਿਤੀ ਵਾਲੇ ਵਿਅਕਤੀਆਂ ਵਿਚਕਾਰ ਪੱਖਪਾਤ ਜਿਵੇਂ SDO ਦੇ ਸੈਕਸ਼ਨ 56B ਵਿੱਚ ਇਹ ਛੋਟ ਸ਼ਾਮਲ ਕੀਤੀ ਗਈ ਹੈ: ਵਿਸ਼ਾ 4, ਭਾਗ 2 ਸੂਚੀ 5 SDO;
      - ਬੱਚਿਆਂ ਨੂੰ ਗੋਦ ਲੈਣ ਸੰਬੰਧੀ ਕਿਸੇ ਵੀ ਸੇਵਾਵਾਂ ਦੇ ਪ੍ਰਬੰਧ ਤੋਂ ਪੈਦਾ ਹੋ ਭਿੰਨ ਵਿਵਾਹਕ ਸਥਿਤੀ ਦੇ ਵਿਅਕਤੀਆਂ ਵਿਚਕਾਰ ਪੱਖਪਾਤ, ਜਿਵੇਂ SDO ਦੇ ਸੈਕਸ਼ਨ 56C ਵਿੱਚ ਇਹ ਛੋਟ ਸ਼ਾਮਲ ਕੀਤੀ ਗਈ ਹੈ: ਵਿਸ਼ਾ 5, ਭਾਗ 2 ਸੂਚੀ 5 SDO;
      - ਉਹਨਾਂ ਪੁਲਿਸ ਅਫ਼ਸਰਾਂ, ਜੋ ਮਰ ਜਾਂਦੇ ਹਨ ਜਾਂ ਜਿਹਨਾਂ ਨੂੰ ਸੱਟਾਂ ਲੱਗਦੀਆਂ ਹਨ, ਦੀਆਂ ਅਣਵਿਆਹੀਆਂ ਵਿਧਵਾ ਨੂੰ ਗ੍ਰੈਚੁਇਟੀ ਦੀ ਗ੍ਰਾਂਟ ਦੇਣ ਸੰਬੰਧੀ ਵਿਵਾਹਕ ਸਥਿਤੀ ਪੱਖਪਾਤ: ਵਿਸ਼ਾ 8, ਭਾਗ 2 ਸੂਚੀ 5 SDO.

      [ਵਿਧਾਨ ਸਭਾ ਦਾ ਲਿਖਤੀ ਕਨੂੰਨ (ਵਿਵਿਧ ਸ਼ਰਤਾਂ) ਅਧਿਆਦੇਸ਼ 2014]